ਅਰਮਾਨ (ARMAAN)
(An International Multidisciplinary, Open Access
Peer-Reviewed & Indexed Research Journal)
Vol. 4 | Issue 2| Apr.-June 2026

ISSN: 2583-9446 (O)
Paper Id: ARMN040213
Available online at: www.armaan.org.in
DOI: https://doi.org/10.64119/armaan.vol.4.issue2.13

# ਰਾਜਸਥਾਨ ਦੇ ਬਾਗੜੀ ਖਿੱਤੇ ਦੀਆਂ ਵਿਆਹ ਸੰਬੰਧਿਤ ਰਸਮਾਂ: ਸੱਭਿਆਚਾਰਕ ਪਰਿਪੇਖ

# Rajasthan De Bagri Khite Diyan Viyah Sambandhit Rasman: Sabhyacharak Paripekh

**ਗੁਰਪ੍ਰੀਤ ਸਿੰਘ (Gurpreet Singh)**
ਖੋਜਾਰਥੀ, ਪੰਜਾਬੀ ਵਿਭਾਗ (Research Scholar, Dept. of Punjabi)
ਪੰਜਾਬੀ ਯੂਨੀਵਰਸਿਟੀ, ਪਟਿਆਲਾ (ਪੰਜਾਬ)-147002
Email ID: gbhatti21573@gmail.com

**ਸਾਰ (Abstract)**

*ਹਥਲੇ ਖੋਜ-ਪੇਪਰ ਦਾ ਵਿਸ਼ਾ ਰਾਜਸਥਾਨ ਦੇ ਬਾਗੜੀ ਖਿੱਤੇ ਦੀਆਂ ਵਿਆਹ ਸੰਬੰਧਿਤ ਰਸਮਾਂ ਦਾ ਸੱਭਿਆਚਾਰਕ ਪਰਿਪੇਖ ਹੈ। ਰਾਜਸਥਾਨ ਦੇ ਬਾਗੜੀ ਸਮੁਦਾਇ ਦੀਆਂ ਵਿਆਹ ਸੰਬੰਧੀ ਰਸਮਾਂ ਦਾ ਸੱਭਿਆਚਾਰਕ ਅਤੇ ਨਰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ ਗਿਆ ਹੈ। ਬਾਗੜੀ ਖਿੱਤੇ ਦੇ ਪਿੰਡਾਂ ਦੇ ਵਿਆਹਾਂ ਵਿਚ ਸ਼ਮੂਲੀਅਤ ਕਰਕੇ ਅਤੇ ਲੋਕਾਂ ਨਾਲ ਗੱਲਬਾਤ ਕਰਕੇ ਸਮੱਗਰੀ ਦਾ ਇਕੱਤਰੀਕਰਨ ਖੇਤਰੀ ਖੋਜ ਕਾਰਜ ਵਿਧੀ ਰਾਹੀਂ ਕੀਤਾ ਗਿਆ ਹੈ। ਇਸ ਦਾ ਮੁੱਖ ਮਕਸਦ ਬਾਗੜੀ ਵਿਆਹ ਦੀਆਂ ਰਸਮਾਂ ਦਾ ਦਸਤਾਵੇਜ਼ੀਕਰਨ ਕਰਨਾ, ਉਹਨਾਂ ਦੇ ਸਮਾਜਿਕ ਮਹੱਤਵ ਨੂੰ ਸਮਝਣਾ ਅਤੇ ਬਾਗੜੀ ਸੱਭਿਆਚਾਰ ਦੇ ਪ੍ਰਭਾਵਾਂ ਦੀ ਪਛਾਣ ਕਰਨਾ ਹੈ। ਇਸ ਅਧਿਐਨ ਰਾਹੀਂ ਬਾਗੜੀ ਲੋਕਧਾਰਾ ਵਿੱਚ ਰੂਪਾਂਤਰਿਤ ਹੁੰਦੀਆਂ ਸਮਾਜਿਕ ਮਾਨਤਾਵਾਂ, ਰੀਤੀ-ਰਿਵਾਜਾਂ ਅਤੇ ਇਹਨਾਂ ਪਿੱਛੇ ਕਾਰਜਸ਼ੀਲ ਸੱਭਿਆਚਾਰਕ ਮਨੋਵਿਗਿਆਨ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਬਾਗੜੀ ਵਿਆਹ ਦੀਆਂ ਰਸਮਾਂ ਵਿੱਚ ਪਿਤਰੀ-ਸੱਤਾਤਮਕ ਮਰਯਾਦਾ ਅਤੇ ਮਾਤਰੀ-ਪੱਖੀ ਪਿਆਰ ਦਾ ਇੱਕ ਸੰਤੁਲਿਤ ਸੁਮੇਲ ਦੇਖਣ ਨੂੰ ਮਿਲਦਾ ਹੈ। ਬਾਗੜੀ ਰਸਮਾਂ ਵਿੱਚ ਸੱਭਿਆਚਾਰ ਦਾ ਅਨੋਖਾ ਮਿਸ਼ਰਣ ਹੈ ਪਰ ਆਧੁਨਿਕਤਾ (ਡੀ.ਜੇ.ਅਤੇ ਪੈਲੇਸ ਕਲਚਰ) ਕਾਰਨ ਰਵਾਇਤੀ ਲੋਕ-ਗੀਤ ਅਤੇ ਲੰਮੀਆਂ ਰਸਮਾਂ ਹੁਣ ਘਟਦੀਆਂ ਜਾ ਰਹੀਆਂ ਹਨ। ਸਿੱਟੇ ਵਜੋਂ ਇਹ ਰਸਮਾਂ ਬਾਗੜੀ ਸਮਾਜ ਦੀ ਵਿਲੱਖਣ ਖੇਤਰੀ ਪਛਾਣ ਅਤੇ ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਹਨ, ਜਿਨ੍ਹਾਂ ਨੂੰ ਅਲੋਪ ਹੋਣ ਤੋਂ ਬਚਾਉਣ ਲਈ ਅਕਾਦਮਿਕ ਪੱਧਰ 'ਤੇ ਸਾਂਭਣਾ ਬਹੁਤ ਜ਼ਰੂਰੀ ਹੈ। ਇਹ ਰਸਮਾਂ ਸਥਾਨਕ ਭਾਈਚਾਰੇ ਦੇ ਨੈਤਿਕ ਮੁੱਲਾਂ, ਆਰਥਿਕ ਸਾਂਝੀਵਾਲਤਾ ਅਤੇ ਇਤਿਹਾਸਕ ਵਿਰਾਸਤ ਨੂੰ ਸੰਭਾਲਣ ਦਾ ਇੱਕ ਜੀਵੰਤ ਦਸਤਾਵੇਜ਼ ਹਨ। ਖੋਜ-ਪੇਪਰ ਵਿਸ਼ੇਸ਼ ਤੌਰ 'ਤੇ ਇਸ ਖਿੱਤੇ ਦੀਆਂ ਪਰੰਪਰਾਗਤ ਰਸਮਾਂ ਦੇ ਬਦਲਦੇ ਸਰੂਪ ਅਤੇ ਉਹਨਾਂ ਦੀ ਸਮਕਾਲੀ ਪ੍ਰਸੰਗਿਕਤਾ ਨੂੰ ਅਕਾਦਮਿਕ ਪਰਿਪੇਖ ਵਿੱਚ ਪੇਸ਼ ਕਰਦਾ ਹੈ।*

***ਕੀਵਰਡ (Keyword):*** *ਬਾਗੜੀ , ਵਿਆਹ, ਸੱਭਿਆਚਾਰ, ਰਸਮਾਂ, ਹਲਦੀ-ਪੀਠੀ, ਭਾਤ ਭਰਨਾ।*

ਮਨੁੱਖੀ ਜੀਵਨ ਦੇ ਸੱਭਿਆਚਾਰਕ ਪੜਾਵਾਂ ਵਿੱਚ 'ਵਿਆਹ' ਅਤਿ ਮਹੱਤਵਪੂਰਨ ਅਤੇ ਨਿਰਨਾਇਕ ਮੋੜ ਹੈ। ਸਮਾਜਿਕ ਵਿਗਿਆਨ ਦੀ ਦ੍ਰਿਸ਼ਟੀ ਤੋਂ ਵਿਆਹ ਮਰਦ ਅਤੇ ਔਰਤ ਦੇ ਅੰਤਰ-ਸੰਬੰਧਾਂ ਨੂੰ ਨਿਯਮਬੱਧ ਕਰਨ ਵਾਲੀ ਇੱਕ ਅਜਿਹੀ ਪ੍ਰਵਾਨਿਤ ਸੰਸਥਾ ਹੈ ਜੋ ਨਾ ਸਿਰਫ਼ ਜੈਵਿਕ ਲੋੜਾਂ ਦੀ ਪੂਰਤੀ ਕਰਦੀ ਹੈ ਸਗੋਂ ਵੰਸ਼-ਪ੍ਰਣਾਲੀ ਨੂੰ ਨਿਰੰਤਰਤਾ ਪ੍ਰਦਾਨ ਕਰਨ ਵਿੱਚ ਵੀ ਸਹਾਇਕ ਹੁੰਦੀ ਹੈ।

ਵਿਆਹ ਕੇਵਲ ਦੋ ਆਤਮਾ ਦਾ ਮਿਲਾਪ ਨਹੀਂ ਸਗੋਂ ਇਹ ਵਿਅਕਤੀ ਨੂੰ ਸਮਾਜਿਕ ਅਤੇ ਪਰਿਵਾਰਿਕ ਜਵਾਬ ਦੇਹੀਆਂ ਦੇ ਗੰਭੀਰ ਸੰਕਲਪ ਨਾਲ ਜੋੜਦਾ ਹੈ। ਇਸ ਰਾਹੀਂ ਮਨੁੱਖੀ ਸਮਾਜ ਦੀ ਹੋਂਦ ਅਤੇ ਸਥਿਰਤਾ ਬਰਕਰਾਰ ਰਹਿੰਦੀ ਹੈ। ਵਿਆਹ ਦੇ ਅਵਸਰ 'ਤੇ ਮਨੁੱਖੀ ਵਿਵਹਾਰ ਆਪਣੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਪ੍ਰਤੀ ਵਧੇਰੇ ਸੁਚੇਤ ਹੁੰਦਾ ਹੈ।

ਸਮਾਜਿਕ ਜੀਵਨ ਦੀਆਂ ਨੈਤਿਕ ਮਰਿਆਦਾਵਾਂ ਅਤੇ ਕਾਰਜਗਤ ਵਿਵਹਾਰ ਹੀ ਕਾਲਾਂਤਰ ਵਿੱਚ ਰੀਤਾਂ-ਰਸਮਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਵਿਸ਼ੇਸ਼ ਤੌਰ 'ਤੇ ਬਾਗੜੀ ਖੇਤਰ ਵਿੱਚ ਵਿਆਹ ਨਾਲ ਜੁੜੀਆਂ ਰੀਤਾਂ ਦਾ ਉਦੇਸ਼ ਨਵ-ਵਿਆਹੇ ਜੋੜੇ ਦੀ ਸੁਖਦ ਜੀਵਨ ਸ਼ੈਲੀ, ਵੰਸ਼ ਦੀ ਵਾਧਾ ਦਰ ਅਤੇ ਉਨ੍ਹਾਂ ਨੂੰ ਅਦ੍ਰਿਸ਼ਟ ਭੈਅ ਜਾਂ ਬੁਰਾਈਆਂ ਤੋ ਸੁਰੱਖਿਅਤ ਰੱਖਣਾ ਹੁੰਦਾ ਹੈ। ਇਹ ਵਿਅਕਤੀਗਤ ਸਬੰਧਾਂ ਨੂੰ ਸਮੂਹਿਕ ਅਤੇ ਸਮਾਜਿਕ ਮਾਨਤਾ ਪ੍ਰਦਾਨ ਕਰਦੀ ਹੈ ਜੋ ਕਿਸੇ ਵੀ ਸੱਭਿਆਚਾਰ ਦੀ ਮਜ਼ਬੂਤੀ ਲਈ ਲਾਜ਼ਮੀ ਹੈ। ਡਾ. ਦਰਿਆ ਨੇ ਕਬੀਲੇ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਹੈ ਕਿ "ਕਬੀਲੇ ਦਾ ਇੱਕ ਸਾਂਝਾ ਇਲਾਕਾ, ਸਾਂਝੀ ਉਪਭਾਸ਼ਾ, ਸ਼ਾਸਨ ਤੇ ਨਿਆਂ ਪ੍ਰਬੰਧ ਹੁੰਦਾ ਹੈ ਅਤੇ ਇਸ ਵਿੱਚ ਅੰਤਰ ਜਾਤੀ ਵਿਆਹ, ਸਾਂਝੀਆਂ ਰਸਮਾਂ-ਰੀਤਾਂ, ਸਾਂਝੇ ਕਾਰਜ, ਸਾਂਝਾ ਵਿਰਸਾ ਅਤੇ ਮਨਾਹੀਆਂ ਦੀ ਸਖ਼ਤੀ ਨਾਲ ਪਾਲਣਾ ਵਰਗੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ।" ਇਸ ਕਥਨ ਰਾਹੀਂ ਇਹ ਸਪਸ਼ਟ ਹੁੰਦਾ ਹੈ ਕਿ ਬਾਗੜੀ ਖੇਤਰ ਵਿਆਹ ਨਾਲ ਸਬੰਧਿਤ ਰੀਤਾਂ-ਰਸਮਾਂ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ। ਇਹ ਸੰਸਕਾਰ ਨਾ ਕੇਵਲ ਇੱਕ ਸਮਾਜਿਕ ਪਰਿਵਰਤਨ ਦਾ ਪ੍ਰਤੀਕ ਹਨ ਸਗੋਂ ਇਹ ਮੁੰਡੇ ਅਤੇ ਕੁੜੀ ਨੂੰ ਗ੍ਰਹਿਸਤ ਜੀਵਨ ਦੇ ਨਵੇਂ ਪੜਾਅ ਲਈ ਮਾਨਸਿਕ ਅਤੇ ਸੱਭਿਆਚਾਰਕ ਤੌਰ 'ਤੇ ਤਿਆਰ ਕਰਨ ਦੀ ਇੱਕ ਪ੍ਰਕਿਰਿਆ ਵੀ ਹਨ। *"ਸੱਭਿਆਚਾਰਕ ਰਹਿਤਲ ਵਿੱਚ ਖ਼ੁਸ਼ੀ-ਗ਼ਮੀ ਨਾਲ ਸੰਬੰਧਿਤ ਪ੍ਰਚਲਿਤ ਰਹੁ-ਰੀਤਾਂ, ਰਸਮ-ਰਿਵਾਜ ਕਹਾਉਂਦੇ ਹਨ।"* [1] ਬਾਗੜੀ ਖੇਤਰ ਦੇ ਵਿਆਹ ਦੀਆਂ

ਰਸਮਾਂ ਵਿਅਕਤੀ ਦੇ ਜੀਵਨ ਵਿੱਚ ਆਉਣ ਵਾਲੇ ਗੁਣਾਤਮਿਕ ਪਰਿਵਰਤਨ (ਇੱਕ ਸਾਧਾਰਨ ਮਨੁੱਖ ਤੋ ਵਿਆਹੁਤਾ ਮਰਦ/ਔਰਤ ਬਣਨਾ) ਨੂੰ ਪ੍ਰਭਾਸ਼ਿਤ ਕਰਦੇ ਹਨ।

ਵਿਸ਼ੇ ਦੀ ਸੀਮਾ ਅਤੇ ਖੋਜ ਵਿਧੀ:-

ਖੋਜ ਕਾਰਜ ਨੂੰ ਵਿਧੀਵਤ ਢੰਗ ਨਾਲ ਸੰਪੂਰਨ ਕਰਨ ਲਈ ਇਸ ਦੀ ਸੀਮਾ ਨਿਰਧਾਰਿਤ ਕਰਨਾ ਲਾਜ਼ਮੀ ਹੁੰਦਾ ਹੈ ਨਹੀਂ ਤਾਂ ਖੋਜ-ਕਾਰਜ ਦਿਸ਼ਾਹੀਣ ਹੋ ਜਾਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਹ ਖੋਜ ਕਾਰਜ 'ਰਾਜਸਥਾਨ ਦੇ ਬਾਗੜੀ ਲੋਕਾਂ ਦੇ ਵਿਆਹ ਸੰਬੰਧੀ ਰਸਮਾਂ ਦੇ ਸੱਭਿਆਚਾਰ ਅਧਿਐਨ ਨੂੰ ਖੋਜ ਦਾ ਆਧਾਰ ਬਣਾਇਆ ਗਿਆ ਹੈ। ਬਾਗੜੀ ਲੋਕ ਰਾਜਸਥਾਨ ਦੇ ਕਈ ਜ਼ਿਲ੍ਹਿਆਂ ਸ੍ਰੀਗੰਗਾਨਗਰ, ਹਨੂੰਮਾਨਗੜ੍ਹ, ਬੀਕਾਨੇਰ ਤੇ ਚੂਰੂ ਆਦਿ ਜ਼ਿਲ੍ਹਿਆਂ ਵਿੱਚ ਵੱਸਦੇ ਹਨ। ਪਰ ਖੋਜ ਕਾਰਜ ਨੂੰ ਵਿਧੀਵਤ ਰੂਪ ਵਿੱਚ ਮੁਕੰਮਲ ਕਰਨ ਲਈ ਇਸ ਦੀ ਸੀਮਾ ਨਿਰਧਾਰਿਤ ਕਰਨੀ ਜ਼ਰੂਰੀ ਹੈ। ਇਸ ਲਈ ਖੋਜ-ਕਾਰਜ ਦਾ ਘੇਰਾ ਰਾਜਸਥਾਨ ਦੇ ਸ੍ਰੀਗੰਗਾਨਗਰ, ਹਨੂੰਮਾਨਗੜ੍ਹ ਜ਼ਿਲ੍ਹਿਆਂ ਤੱਕ ਸੀਮਿਤ ਰੱਖਿਆ ਗਿਆ ਹੈ। ਬਾਗੜੀ ਖਿੱਤੇ ਦੇ ਪਿੰਡਾਂ ਵਿੱਚ ਜਾ ਕੇ ਵਿਆਹਾਂ ਦਾ ਸਿੱਧਾ ਨਿਰੀਖਣ ਕੀਤਾ ਗਿਆ ਹੈ ਅਤੇ ਬਜ਼ੁਰਗ ਔਰਤਾਂ ਦੇ ਸਮੂਹ ਦੁਆਰਾ ਇੰਟਰਵਿਊ 'ਤੇ ਆਧਾਰਿਤ ਗੁਣਾਤਮਕ ਖੋਜ ਵਿਧੀ ਅਤੇ ਖੇਤਰੀ ਖੋਜ ਕਾਰਜ ਵਿਧੀ ਵਰਤੀ ਗਈ ਹੈ।

ਰਾਜਸਥਾਨ ਦੇ ਬਾਗੜੀ ਲੋਕਾਂ ਦੇ ਵਿਆਹ ਦੀਆਂ ਰਸਮਾਂ:-

ਸਮਾਜ ਵਿੱਚ ਵਿਆਹ ਇੱਕ ਅਜਿਹਾ ਧੁਰਾ ਹੈ ਜਿਸ ਦੁਆਲੇ ਸਮਾਜਿਕ ਰਿਸ਼ਤਿਆਂ ਦੀ ਪੂਰੀ ਬਣਤਰ ਘੁੰਮਦੀ ਹੈ। *"ਮਨੁੱਖ ਵੱਲੋਂ ਸਮਾਜਿਕ ਵਿਰਸੇ ਵਜੋਂ ਜੋ ਵੀ ਪ੍ਰਾਪਤ ਕੀਤਾ ਜਾਂਦਾ ਹੈ ਭਾਵੇਂ ਉਹ ਧਰਮ, ਸਾਹਿਤ, ਕੋਮਲ ਕਲਾ ਜਾਂ ਲੋਕਧਾਰਾਈ ਸਮਗਰੀ ਹੈ ਅਤੇ ਭਾਵੇਂ ਵਿਆਹ ਦੀ ਸੰਸਥਾ ਹੈ, ਇਹ ਸਭ ਸੱਭਿਆਚਾਰ ਦੇ ਅੰਗ ਹਨ।"*[2] ਬਾਗੜੀ ਖੇਤਰ ਵਿੱਚ ਵਿਆਹ ਦੇ ਰਸਮੀ ਕਾਰਜਾਂ ਦਾ ਇੱਕ ਵਿਸ਼ੇਸ਼ ਕਾਲ-ਕ੍ਰਮ ਹੈ। ਇਹ ਪ੍ਰਕਿਰਿਆ 'ਬਿਆਹ ਲਿਖਣ' ਦੀ ਰਸਮ ਤੋ ਆਰੰਭ ਹੋ ਕੇ 'ਕੋਠੀ ਝਾੜ' ਦੀ ਰਸਮ ਤੱਕ ਨਿਰੰਤਰ ਜਾਰੀ ਰਹਿੰਦੀ ਹੈ। ਇਹ ਰੀਤਾਂ-ਰਸਮਾਂ ਕੇਵਲ ਪਰੰਪਰਾ ਦਾ ਪਾਲਣ ਹੀ ਨਹੀਂ ਹਨ ਸਗੋਂ ਕਵਾਰੇ ਮੁੰਡੇ ਅਤੇ ਕੁੜੀ ਦੇ ਮਨੋਵਿਗਿਆਨਕ ਰੂਪਾਂਤਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਜਿਸ ਨਾਲ ਉਹ ਆਪਣੇ ਆਉਣ ਵਾਲੇ ਨਵੇਂ ਜੀਵਨ ਦੇ ਅਨੁਕੂਲ ਮਾਨਸਿਕ ਤੌਰ 'ਤੇ ਤਿਆਰ ਹੁੰਦੇ ਹਨ। ਕਿਸੇ ਖ਼ਿੱਤੇ ਦੇ ਲੋਕਾਂ ਦੀ ਵਿਰਾਸਤ ਨੂੰ ਸਾਂਭਣ ਦੇ ਮੁਢਲੇ ਯਤਨਾਂ ਵਿੱਚ ਉਹਨਾਂ ਦੇ ਸੱਭਿਆਚਾਰ ਨੂੰ ਸਾਂਭਣਾ ਅਹਿਮ ਜ਼ੁੰਮੇਵਾਰੀ ਬਣਦੀ ਹੈ। ਇਸ ਸੰਬੰਧ ਵਿੱਚ ਲੋਕ-ਧਾਰਾ ਸ਼ਾਸਤਰੀ ਡਾ. ਨਾਹਰ ਸਿੰਘ ਦੇ ਕਥਨ ਰਾਹੀਂ ਵਿਚਾਰਿਆ ਜਾ ਸਕਦਾ ਹੈ, *"ਲੋਕ-ਧਾਰਾ ਦੇ ਭਰੇ ਭੰਡਾਰੇ ਬਜ਼ੁਰਗ ਮਰਦ ਤੇ ਸਵਾਣੀਆਂ ਸਾਡੇ ਕੋਲੋਂ ਦਿਨੋਂ-ਦਿਨ ਵਿੱਛੜ ਰਹੇ ਹਨ। ਉਹਨਾਂ ਦੀ ਅਮੀਰ ਵਿਰਾਸਤ ਨੂੰ ਸਾਂਭਣ ਵਾਲੀ ਪੀੜ੍ਹੀ ਇਸ ਦੇ ਮਹੱਤਵ ਤੋ ਅਵੇਸਲੀ ਹੈ।"*[3] ਵਿਆਹ ਜੀਵਨ ਨਾਲ ਜੁੜਿਆ ਇੱਕ ਸਮਾਗਮ ਹੈ । ਬਾਗੜੀ ਲੋਕ ਵਿਆਹ ਦੀਆਂ ਰਸਮਾਂ ਨੂੰ ਬੜੇ ਚਾਵਾਂ ਤੇ ਮਲਾਰਾਂ ਨਾਲ ਕਰਦੇ ਹਨ ਜੋ ਇਸ ਪ੍ਰਕਾਰ ਹਨ:-

1. ਬਿਆਹ ਲਿਖਣ ਦੀ ਰਸਮ:-

ਬਿਆਹ ਲਿਖਣ' ਦੀ ਰਸਮ ਬਾਗੜੀ ਖੇਤਰ ਦੇ ਵਿਆਹ ਸੰਸਕਾਰਾਂ ਦਾ ਮੁੱਢਲਾ ਅਤੇ ਅਹਿਮ ਪੜਾਅ ਹੈ। ਇਹ ਰਸਮ ਵਿਆਹ ਦੇ ਨਿਸ਼ਚਿਤ ਸਮੇਂ ਤੋ ਕੁਝ ਦਿਨ ਪੂਰਵ ਆਯੋਜਿਤ ਕੀਤੀ ਜਾਂਦੀ ਹੈ ਜੋ ਕਿ ਕਾਰਜ ਦੇ ਰਸਮੀ ਆਗਾਜ਼ ਦਾ ਪ੍ਰਤੀਕ ਹੈ। ਇਸ ਮੌਕੇ ਕੁੜੀ ਦੇ ਪਰਿਵਾਰ ਵੱਲੋਂ ਪੁਰੋਹਿਤ (ਪੰਡਤ) ਅਤੇ ਭਾਈਚਾਰੇ ਦੇ ਸੂਝਵਾਨ ਬਜ਼ੁਰਗਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਜਾਂਦਾ ਹੈ। ਇਹ ਇਕੱਠ ਰਸਮ ਦੀ ਸਮਾਜਿਕ ਪ੍ਰਵਾਨਗੀ ਅਤੇ ਸਾਂਝੀਵਾਲਤਾ ਨੂੰ ਦਰਸਾਉਂਦਾ ਹੈ। ਪੁਰੋਹਿਤ ਦੁਆਰਾ ਕੋਰੇ ਕਾਗ਼ਜ਼ 'ਤੇ ਹਲਦੀ ਨਾਲ 'ਸਵਾਸਤਿਕ' ਦਾ ਚਿੰਨ੍ਹ ਅੰਕਿਤ ਕਰਨਾ ਸ਼ੁੱਭ ਸ਼ਗਨਾਂ ਅਤੇ ਅਧਿਆਤਮਿਕ ਆਸਥਾ ਦਾ ਪ੍ਰਤੀਕ ਹੈ। ਇਸ ਦਸਤਾਵੇਜ਼ 'ਤੇ ਹੀ ਵਿਆਹ ਦੀ ਮਿਤੀ ਅਤੇ ਸ਼ੁਭ ਮਹੂਰਤ ਦਰਜ ਕੀਤਾ ਜਾਂਦਾ ਹੈ। ਇਸ ਪੱਤਰ (ਚਿੱਠੀ) ਨੂੰ ਵਿਆਹ ਦੇ ਸੰਪੰਨ ਹੋਣ ਤੱਕ ਕੁੜੀ ਦੀ ਮਾਂ ਵੱਲੋਂ ਚੌਲਾਂ ਦੇ ਭਰੇ ਬਰਤਨ ਵਿੱਚ ਸੁਰੱਖਿਅਤ ਰੱਖਿਆ ਜਾਂਦਾ ਹੈ। ਚੌਲ ਸ਼ਗਨਾਂ ਅਤੇ ਬਰਕਤ ਦਾ ਚਿੰਨ੍ਹ ਮੰਨੇ ਜਾਂਦੇ ਹਨ। ਰਸਮ ਦੀ ਸੰਪੂਰਨਤਾ ਦੌਰਾਨ ਇਸਤਰੀਆਂ ਵੱਲੋਂ ਪਰੰਪਰਾਗਤ ਲੋਕ-ਗੀਤਾਂ ਦਾ ਗਾਇਣ ਕੀਤਾ ਜਾਂਦਾ ਹੈ ਜੋ ਵਾਤਾਵਰਣ ਵਿੱਚ ਉਤਸ਼ਾਹ ਅਤੇ ਮੰਗਲਮਈ ਭਾਵਨਾ ਦਾ ਸੰਚਾਰ ਕਰਦੇ ਹਨ।

2. ਬਿਆਹ ਤੋਰਨ ਦੀ ਰਸਮ:-

'ਬਿਆਹ ਤੋਰਨ' ਦੀ ਰਸਮ ਬਾਗੜੀ ਖੇਤਰ ਦੇ ਵਿਆਹ ਸੰਸਕਾਰਾਂ ਵਿੱਚ ਇੱਕ ਅਹਿਮ ਸੰਚਾਰਾਤਮਿਕ ਕੜੀ ਹੈ। ਇਹ ਰਸਮ ਆਮ ਤੌਰ 'ਤੇ ਵਿਆਹ ਦੇ ਨਿਸ਼ਚਿਤ ਸਮੇਂ ਤੋ ਲਗਭਗ ਸਵਾ ਜਾਂ ਦੋ ਮਹੀਨੇ ਪਹਿਲਾਂ ਸੰਪੰਨ ਕੀਤੀ ਜਾਂਦੀ ਹੈ ਜਿਸ ਦਾ ਮੁੱਖ ਉਦੇਸ਼ ਵਰ-ਪੱਖ ਨੂੰ ਰਸਮੀ ਤੌਰ 'ਤੇ ਵਿਆਹ ਦੀ ਸੂਚਨਾ ਭੇਜਣਾ ਹੁੰਦਾ ਹੈ। ਇਸ ਅਵਸਰ 'ਤੇ ਸਮੁੱਚੇ ਭਾਈਚਾਰੇ ਨੂੰ ਕੁੜੀ ਦੇ ਗ੍ਰਹਿ ਵਿਖੇ ਸੱਦਾ ਦਿੱਤਾ ਜਾਂਦਾ ਹੈ ਜੋ ਇਸ ਕਾਰਜ ਦੀ ਸਮਾਜਿਕ ਸਾਰਥਕਤਾ ਅਤੇ ਸਮੂਹਿਕ ਸਹਿਮਤੀ ਦਾ ਪ੍ਰਤੀਕ ਹੈ।

ਪੂਰਵ-ਨਿਰਧਾਰਿਤ ਰਸਮ ਅਨੁਸਾਰ, ਕੁੜੀ ਦੀ ਮਾਂ ਵੱਲੋਂ ਚੌਲਾਂ ਦੇ ਪਾਤਰ ਵਿੱਚ ਸੁਰੱਖਿਅਤ ਰੱਖੀ ਗਈ 'ਚਿੱਠੀ' (ਸੱਦਾ ਪੱਤਰ) ਪੁਰੋਹਿਤ ਨੂੰ ਸੌਂਪੀ ਜਾਂਦੀ ਹੈ। ਪੁਰੋਹਿਤ ਇਸ ਚਿੱਠੀ ਨੂੰ ਸਤਨਾਲਾ (ਖੰਮ੍ਹਣੀ) ਨਾਲ ਬੰਨ੍ਹ ਕੇ ਉਸ ਉੱਪਰ ਗੁੜ, ਹਲਦੀ, ਚੌਲ ਅਤੇ ਦੁੱਬ (ਦੂਬਤੀ) ਵਰਗੀਆਂ ਸ਼ੁੱਭ ਅਤੇ ਮੰਗਲਕਾਰੀ ਵਸਤੂਆਂ ਲਗਾਉਂਦਾ ਹੈ। ਇਸ ਸ਼ਗਨਾਂ ਦੀ ਚਿੱਠੀ ਨੂੰ ਕੁੜੀ ਪੱਖ ਦਾ ਨਾਈ ਰਸਮੀ ਤੌਰ 'ਤੇ ਮੁੰਡੇ ਵਾਲਿਆਂ ਦੇ ਘਰ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਉਂਦਾ ਹੈ। ਚਿੱਠੀ ਰਵਾਨਾ ਕਰਨ ਉਪਰੰਤ ਇਕੱਤਰ ਹੋਏ ਭਾਈਚਾਰੇ ਵਿੱਚ ਗੁੜ ਵੰਡਿਆ ਜਾਂਦਾ ਹੈ, ਜੋ ਖ਼ੁਸ਼ੀ ਅਤੇ ਆਪਸੀ ਮਿਠਾਸ ਦਾ ਚਿੰਨ੍ਹ ਹੈ। ਇਸ ਸੰਪੂਰਨ ਪ੍ਰਕਿਰਿਆ ਦੌਰਾਨ ਇਸਤਰੀਆਂ ਵੱਲੋਂ 'ਸੁਹਾਗ' ਗਾਏ ਜਾਂਦੇ ਹਨ, ਜੋ ਧੀ ਦੇ ਆਉਣ ਵਾਲੇ ਸੁਖਦ ਵਿਆਹੁਤਾ ਜੀਵਨ ਦੀਆਂ ਕਾਮਨਾਵਾਂ ਅਤੇ ਭਾਵਨਾਵਾਂ ਨੂੰ ਪ੍ਰਗਟਾਉਂਦੇ ਹਨ। ਅਕਾਦਮਿਕ ਦ੍ਰਿਸ਼ਟੀ ਤੋ ਇਹ ਰਸਮ ਦੋਵਾਂ ਪਰਿਵਾਰਾਂ ਵਿਚਕਾਰ ਸਬੰਧਾਂ ਦੀ ਰਸਮੀ ਪੁਸ਼ਟੀ ਅਤੇ ਸੱਭਿਆਚਾਰਕ ਚਿੰਨ੍ਹਾਂ ਰਾਹੀਂ ਖ਼ੁਸ਼ੀ ਦੇ ਸਾਂਝੀਕਰਨ ਦਾ ਇੱਕ ਉੱਤਮ ਨਮੂਨਾ ਹੈ।

3. ਟਿੱਕਾ (ਵਿਆਹ ਲੈਣ ਦੀ ਰਸਮ):-

*ਕੁੜੀ ਵਾਲਿਆਂ ਦੇ ਨਾਈ ਦੁਆਰਾ ਵਿਆਹ ਦੀ ਚਿੱਠੀ ਲੈ ਕੇ ਮੁੰਡੇ ਵਾਲਿਆਂ ਦੇ ਗ੍ਰਹਿ ਵਿਖੇ ਪਹੁੰਚਣਾ ਇੱਕ ਮਹੱਤਵਪੂਰਨ , ਸੱਭਿਆਚਾਰਕ ਕਿਰਿਆ ਹੈ। ਜਦੋਂ ਨਾਈ ਮੁੰਡੇ ਵਾਲਿਆਂ ਦੇ ਪਿੰਡ ਦੀ ਜੂਹ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਉਸ ਦਾ ਸਵਾਗਤ*

*ਪਰੰਪਰਾਗਤ ਢੰਗ ਨਾਲ ਕੀਤਾ ਜਾਂਦਾ ਹੈ। ਮੁੰਡੇ ਦੇ ਪਰਿਵਾਰ ਵੱਲੋਂ ਨਾਈ ਨੂੰ ਸਨਮਾਨ ਵਜੋਂ 'ਨੇਗੀ' (ਰਸਮੀ ਤੋਹਫ਼ਾ) ਅਤੇ ਨਕਦ ਰਾਸ਼ੀ ਭੇਟ ਕੀਤੀ ਜਾਂਦੀ ਹੈ। ਇਸ ਮੌਕੇ ਮੁੰਡੇ ਵਾਲੇ ਆਪਣੇ ਭਾਈਚਾਰੇ ਅਤੇ ਸਕੇ-ਸੰਬੰਧੀਆਂ ਨੂੰ ਇਕੱਤਰ ਕਰਦੇ ਹਨ ਅਤੇ ਗੁੜ ਵੰਡ ਕੇ ਵਿਆਹ ਦੀ ਨਿਸ਼ਚਿਤ ਮਿਤੀ ਦਾ ਰਸਮੀ ਐਲਾਨ ਕਰਦੇ ਹਨ। ਮੁੰਡੇ ਵਾਲਿਆਂ ਵੱਲੋਂ ਨਾਈ ਦੇ ਹੱਥ ਕੁੜੀ ਲਈ ਵਿਸ਼ੇਸ਼ ਸਮਗਰੀ ਭੇਜੀ ਜਾਂਦੀ ਹੈ ਜਿਸ ਵਿੱਚ ਹਾਰ-ਸ਼ਿੰਗਾਰ ਦਾ ਸਾਮਾਨ, ਕੱਪੜੇ (ਵਰੀ) ਅਤੇ ਮਿਠਾਈਆਂ ਸ਼ਾਮਲ ਹੁੰਦੀਆਂ ਹਨ। ਇਸ ਵਿੱਚ ਵਿਸ਼ੇਸ਼ ਤੌਰ 'ਤੇ 'ਗੁੜ ਦੀ ਭੇਲੀ' ਸ਼ਾਮਲ ਹੁੰਦੀ ਹੈ ਜਿਸ ਨੂੰ ਸ਼ੁੱਭ ਮੰਨਿਆ ਜਾਂਦਾ ਹੈ। ਨਾਈ ਨੂੰ ਉਚਿਤ ਮਾਣ-ਸਨਮਾਨ ਅਤੇ ਤੋਹਫ਼ੇ ਦੇ ਕੇ ਆਦਰ ਸਹਿਤ ਵਿਦਾ ਕੀਤਾ ਜਾਂਦਾ ਹੈ।* [4]

4. ਲਗਨ ਪਤ੍ਰਿਕਾ:-

ਜਦੋਂ ਨਾਈ ਵਾਪਸ ਕੁੜੀ ਵਾਲਿਆਂ ਦੇ ਘਰ ਪਹੁੰਚਦਾ ਹੈ ਤਾਂ ਵਿਆਹ ਦੀ ਉਹ ਚਿੱਠੀ ਕੁੜੀ ਦੀ ਮਾਂ ਨੂੰ ਸੌਂਪ ਦਿੱਤੀ ਜਾਂਦੀ ਹੈ। ਮਾਂ ਉਸ ਚਿੱਠੀ ਨੂੰ ਅਤਿ ਸਤਿਕਾਰ ਨਾਲ ਆਪਣੀ ਝੋਲੀ ਵਿੱਚ ਪਾ ਲੈਂਦੀ ਹੈ ਜੋ ਕਿ ਇੱਕ ਭਾਵੁਕ ਅਤੇ , ਸੱਭਿਆਚਾਰਕ ਪ੍ਰਤੀਕ ਹੈ। ਜੇਕਰ ਲੜਕੀ ਦੀ ਮਾਂ ਮੌਜੂਦ ਨਾ ਹੋਵੇ ਤਾਂ ਪਰਿਵਾਰ ਦੀ ਕੋਈ ਹੋਰ ਸੂਝਵਾਨ ਮਹਿਲਾ (ਜਿਵੇਂ ਭਾਬੀ ਜਾਂ ਚਾਚੀ) ਇਸ ਰਸਮ ਨੂੰ ਨਿਭਾਉਂਦੀ ਹੈ। ਇਸ ਮੌਕੇ ਮੁੰਡੇ ਵਾਲਿਆਂ ਵੱਲੋਂ ਭੇਜੇ ਗਏ ਪਤਾਸੇ ਜਾਂ ਮਿਠਾਈ ਸਾਰੇ ਭਾਈਚਾਰੇ ਵਿੱਚ ਵੰਡੀ ਜਾਂਦੀ ਹੈ।

ਇਹ ਪ੍ਰਕਿਰਿਆ ਦਰਸਾਉਂਦੀ ਹੈ ਕਿ ਪੁਰਾਤਨ ਸਮੇਂ ਵਿੱਚ 'ਨਾਇਣ' ਜਾਂ 'ਨਾਈ' ਕੇਵਲ ਸੰਦੇਸ਼ਵਾਹਕ ਹੀ ਨਹੀਂ ਸਨ ਸਗੋਂ ਦੋਵਾਂ ਪਰਿਵਾਰਾਂ ਵਿਚਕਾਰ, ਸੱਭਿਆਚਾਰਕ ਸਾਂਝ ਨੂੰ ਮਜ਼ਬੂਤ ਕਰਨ ਵਾਲੀ ਇੱਕ ਮਹੱਤਵਪੂਰਨ ਕੜੀ ਵਜੋਂ ਕਾਰਜ ਕਰਦੇ ਸਨ।

5. ਟੇਵੇ ਦੀ ਰਸਮ:-

ਬਾਗੜੀ ਖੇਤਰ ਦੇ ਵਿਆਹ ਸੰਸਕਾਰਾਂ ਵਿੱਚ 'ਟੇਵੇ ਦੀ ਰਸਮ' ਸਭ ਤੋ ਨਿਰਨਾਇਕ ਅਤੇ ਕੇਂਦਰੀ ਪੜਾਅ ਮੰਨੀ ਜਾਂਦੀ ਹੈ। ਇਹ ਰਸਮ ਵਿਆਹ ਤੋ ਲਗਭਗ ਸੱਤ ਜਾਂ ਗਿਆਰਾਂ ਦਿਨ ਪੂਰਵ ਕੁੜੀ ਪੱਖ ਵੱਲੋਂ ਮੁੰਡੇ ਵਾਲਿਆਂ ਦੇ ਘਰ ਟੇਵਾ ਭੇਜ ਕੇ ਸੰਪੰਨ ਕੀਤੀ ਜਾਂਦੀ ਹੈ। ਕੁੜੀ ਪੱਖ ਵੱਲੋਂ ਵਿਦਵਾਨ ਪੁਰੋਹਿਤ ਨੂੰ ਬੁਲਾ ਕੇ ਕੋਰੇ ਕਾਗ਼ਜ਼ 'ਤੇ ਹਲਦੀ ਨਾਲ 'ਸਵਾਸਤਿਕ' ਦਾ ਚਿੰਨ੍ਹ ਅੰਕਿਤ ਕਰਵਾਇਆ ਜਾਂਦਾ ਹੈ। ਟੇਵੇ ਵਿੱਚ ਵਿਆਹ ਦੀ ਮਿਤੀ, ਫੇਰਿਆਂ ਦਾ ਸ਼ੁਭ ਮਹੂਰਤ, ਵਰ-ਕੰਨਿਆ ਦੇ ਨਾਮ, ਗੋਤ, ਅਤੇ ਉਨ੍ਹਾਂ ਦੀਆਂ ਪਿਛਲੀਆਂ ਤਿੰਨ ਪੀੜ੍ਹੀਆਂ (ਦਾਦਾ, ਦਾਦੀ, ਮਾਤਾ, ਪਿਤਾ) ਦਾ ਵੇਰਵਾ ਦਰਜ ਹੁੰਦਾ ਹੈ। ਇਸ ਦਸਤਾਵੇਜ਼ ਵਿੱਚ ਬਰਾਤ ਦੀ ਗਿਣਤੀ ਅਤੇ ਆਵਾਜਾਈ ਦੇ ਸਾਧਨਾਂ ਦਾ ਵੇਰਵਾ ਵੀ ਸ਼ਾਮਲ ਹੁੰਦਾ ਹੈ, ਜੋ ਦੋਵਾਂ ਧਿਰਾਂ ਵਿਚਕਾਰ ਪ੍ਰਬੰਧਕੀ ਸਪਸ਼ਟਤਾ ਨੂੰ ਦਰਸਾਉਂਦਾ ਹੈ। ਟੇਵੇ ਵਿੱਚ ਵਰ ਅਤੇ ਕੰਨਿਆ ਨੂੰ ਲੱਗਣ ਵਾਲੇ 'ਬੰਨ੍ਹ' (ਸ਼ੁੱਧਤਾ ਦੀ ਰਸਮ) ਦੀ ਸੰਖਿਆ ਨਿਰਧਾਰਿਤ ਕੀਤੀ ਜਾਂਦੀ ਹੈ। ਸੱਭਿਆਚਾਰਕ ਮਾਨਤਾ ਅਨੁਸਾਰ ਮੁੰਡੇ ਦੇ ਬੰਨ੍ਹ ਕੁੜੀ ਨਾਲੋਂ ਦੋ ਵੱਧ ਹੁੰਦੇ ਹਨ (ਜਿਵੇਂ: ਜੇਕਰ ਮੁੰਡੇ ਦੇ 9 ਬੰਨ੍ਹ ਹਨ, ਤਾਂ ਕੁੜੀ ਦੇ 7 ਹੋਣਗੇ)। ਇਹ ਅੰਕ-ਵਿਗਿਆਨਕ ਵੰਡ ਸਥਾਨਕ ਪਰੰਪਰਾ ਦਾ ਅਟੁੱਟ ਹਿੱਸਾ ਹੈ। ਟੇਵੇ ਦੇ ਕਾਗ਼ਜ਼ ਨੂੰ ਸਵਾ ਮੀਟਰ ਚਿੱਟੇ ਕੱਪੜੇ (ਜਿਸ ਦੇ ਪੱਲੇ ਪੀਲੇ ਹੋਣ) ਵਿੱਚ ਲਪੇਟ ਕੇ ਉਸ ਵਿੱਚ ਨਾਰੀਅਲ, ਖੰਮ੍ਹਣੀ, ਗੁੜ, ਚੌਲ ਅਤੇ ਸ਼ਗਨ ਦੀ ਰਾਸ਼ੀ ਰੱਖੀ ਜਾਂਦੀ ਹੈ। ਸਹੁਰੇ ਪਰਿਵਾਰ ਵੱਲੋਂ ਜਵਾਈ (ਵਰ) ਲਈ ਜੁੱਤੀ, ਉਸ ਦੀ ਮਾਂ ਲਈ 'ਤੀਲ' (ਸੂਟ), ਪੀਲੀਆ (ਲਾਲ ਰੰਗ ਦਾ ਦੁਪੱਟਾ), ਚੂੜੀਆਂ, ਮਹਿੰਦੀ ਅਤੇ ਜੁੱਤੀ ਭੇਜੀ ਜਾਂਦੀ ਹੈ। ਜੇਕਰ ਮੁੰਡੇ ਦੀ ਦਾਦੀ ਜੀਵਿਤ ਹੋਵੇ ਤਾਂ ਉਨ੍ਹਾਂ ਲਈ ਵੀ ਵਿਸ਼ੇਸ਼ ਤੌਰ 'ਤੇ ਪਹਿਰਾਵਾ ਭੇਜਿਆ ਜਾਂਦਾ ਹੈ। ਮੁੰਡੇ ਵਾਲਿਆਂ ਦੇ ਘਰ ਇਹ ਰਸਮ ਭਾਈਚਾਰੇ ਦੀ ਮੌਜੂਦਗੀ ਵਿੱਚ ਨਿਭਾਈ ਜਾਂਦੀ ਹੈ। ਕੁੜੀ ਵਾਲਿਆਂ ਵੱਲੋਂ ਲਿਆਂਦੀ ਸਮਗਰੀ ਨਾਈ ਦੁਆਰਾ ਰਸਮੀ ਤੌਰ 'ਤੇ ਮੁੰਡੇ ਦੀ ਝੋਲੀ ਵਿੱਚ ਪਾਈ ਜਾਂਦੀ ਹੈ ਜੋ ਕਿ ਰਿਸ਼ਤੇ ਦੀ ਪਕਿਆਈ ਅਤੇ ਸੱਭਿਆਚਾਰਕ ਸਾਂਝ ਦਾ ਪ੍ਰਤੀਕ ਹੈ। *"ਟੇਵੇ ਦੀ ਰਸਮ ਤੋ ਬਾਅਦ ਹੀ ਵਿਆਹ ਦੇ ਰਸਮੀ ਕਾਰਜਾਂ ਦਾ ਸਿਲਸਿਲੇਵਾਰ ਆਰੰਭ ਹੁੰਦਾ ਹੈ। ਇਹ ਰਸਮ ਸਮਾਜਿਕ ਵਚਨਬੱਧਤਾ, ਪਰਿਵਾਰਕ ਮਰਯਾਦਾ ਅਤੇ ਧਾਰਮਿਕ ਵਿਸ਼ਵਾਸਾਂ ਦਾ ਇੱਕ ਜਟਿਲ ਸੁਮੇਲ ਹੈ।"* [5]

6. ਗਣੇਸ਼ ਪੂਜਣ (ਹਲਦਾਤ ਦੀ ਰਸਮ):-

ਬਾਗੜੀ ਖੇਤਰ ਵਿੱਚ 'ਹਲਦਾਤ' ਦੀ ਰਸਮ ਵਿਆਹ ਦੇ ਕਾਰਜਾਂ ਵਿੱਚ ਇੱਕ ਮਹੱਤਵਪੂਰਨ ਪੜਾਅ ਹੈ, ਜੋ ਕਿ ਪੁਰੋਹਿਤ ਦੁਆਰਾ ਗ੍ਰਹਿਆਂ ਦੀ ਸਥਿਤੀ ਦੇ ਮੁਲਾਂਕਣ (ਗ੍ਰਹਿ-ਚਾਲ) ਤੋ ਬਾਅਦ ਆਰੰਭ ਕੀਤੀ ਜਾਂਦੀ ਹੈ। ਇਹ ਰਸਮ ਸ਼ੁੱਧਤਾ ਅਤੇ ਸਮੂਹਿਕ ਸਹਿਭਾਗਤਾ ਦਾ ਪ੍ਰਤੀਕ ਹੈ। ਇਸ ਰਸਮ ਵਿੱਚ ਕੁੜੀ ਜਾਂ ਮੁੰਡੇ ਦੀ ਮਾਂ ਵੱਲੋਂ ਆਪਣੇ ਸ਼ਰੀਕੇ-ਕਬੀਲੇ ਵਿੱਚੋਂ ਸੱਤ ਸੁਹਾਗਣ ਔਰਤਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਿਆ ਜਾਂਦਾ ਹੈ। ਇਹਨਾਂ ਔਰਤਾਂ ਦੇ ਸੱਜੇ ਹੱਥ ਦੀ ਗੁੱਟ 'ਤੇ 'ਸਤਨਾਲਾ' (ਲਾਲ ਰੰਗ ਦੀ ਖੰਮ੍ਹਣੀ) ਬੰਨ੍ਹਿਆ ਜਾਂਦਾ ਹੈ ਜੋ ਕਿ ਮੰਗਲਮਈ ਕਾਰਜ ਦੀ ਸ਼ੁਰੂਆਤ ਦਾ ਪ੍ਰਤੀਕ ਹੈ। ਰਸਮ ਦੀ ਸ਼ੁਰੂਆਤ ਤੋ ਪਹਿਲਾਂ ਘੁਮਿਆਰ ਵੱਲੋਂ ਮਿੱਟੀ ਦੇ ਨਵੇਂ ਬਰਤਨ ਜਿਵੇਂ ਚਾਟੀ ਅਤੇ ਛਰਬੀ (ਘੜੇ ਦੇ ਆਕਾਰ ਦਾ ਪਰ ਤੰਗ ਗਲ ਵਾਲਾ ਪਾਤਰ) ਵਿਆਹ ਵਾਲੇ ਘਰ ਪਹੁੰਚਾਏ ਜਾਂਦੇ ਹਨ। ਰਸਮ ਦੀ ਅਗਵਾਈ ਪਰਿਵਾਰ ਦੀ ਇੱਕ ਵਿਸ਼ੇਸ਼ ਮਹਿਲਾ (ਜਿਵੇਂ ਮਾਂ, ਭੈਣ ਜਾਂ ਭਰਜਾਈ) ਵੱਲੋਂ ਕੀਤੀ ਜਾਂਦੀ ਹੈ ਜਿਸ ਨੂੰ 'ਦੋਹਤੜੀ' ਕਿਹਾ ਜਾਂਦਾ ਹੈ। ਇਹ ਮਹਿਲਾ ਸੱਤ ਸੁਹਾਗਣਾਂ ਦੀ ਮਦਦ ਨਾਲ ਕਾਰਜ ਸੰਪੰਨ ਕਰਦੀ ਹੈ। ਇਸ ਮੌਕੇ ਸਵਾ ਕਿੱਲੋ ਦਾਲ ਨੂੰ ਉੱਖਲੀ ਵਿੱਚ ਪਾ ਕੇ ਸੱਤ ਸੁਹਾਗਣਾਂ ਦੁਆਰਾ ਸੱਤ-ਸੱਤ ਵਾਰ ਮੂਸਲ ਨਾਲ ਕੁੱਟਿਆ (ਮਸਲਿਆ) ਜਾਂਦਾ ਹੈ। ਬਾਅਦ ਵਿੱਚ ਇਸ ਨੂੰ ਮਿੱਟੀ ਦੀ ਛਰਬੀ ਵਿੱਚ ਸੁਰੱਖਿਅਤ ਰੱਖ ਦਿੱਤਾ ਜਾਂਦਾ ਹੈ। ਚੌਲਾਂ ਨੂੰ ਪਰਖਣ (ਧੋਣ/ਛੱਟਣ) ਉਪਰੰਤ ਉਨ੍ਹਾਂ ਨੂੰ ਮਿੱਟੀ ਦੀ ਚਾਟੀ ਵਿੱਚ ਪਾਇਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਜਿਸ ਮਹਿਲਾ (ਦੋਹਤੜੀ) ਨੇ ਇਹ ਰਸਮ ਆਰੰਭ ਕੀਤੀ ਹੈ ਉਹੀ ਵਿਆਹ ਦੀਆਂ ਬਾਕੀ ਰਹਿੰਦੀਆਂ ਰਸਮਾਂ ਨੂੰ ਵੀ ਨੇਪਰੇ ਚਾੜ੍ਹਨ ਵਿੱਚ ਕੇਂਦਰੀ ਭੂਮਿਕਾ ਨਿਭਾਏਗੀ।

ਅਕਾਦਮਿਕ ਦ੍ਰਿਸ਼ਟੀ ਤੋ ਹਲਦਾਤ ਦੀ ਰਸਮ ਮਨੁੱਖੀ ਜੀਵਨ ਵਿੱਚ ਅੰਨ (ਦਾਲ/ਚੌਲ) ਅਤੇ ਮਿੱਟੀ ਦੇ ਪਾਤਰਾਂ ਦੀ ਪਵਿੱਤਰਤਾ ਨੂੰ ਦਰਸਾਉਂਦੀ ਹੈ। ਇਹ ਰਸਮ ਇਸਤਰੀ ਜਗਤ ਦੀ ਸਮੂਹਿਕ ਸ਼ਕਤੀ ਅਤੇ ਸੱਭਿਆਚਾਰਕ ਜ਼ਿੰਮੇਵਾਰੀ ਦੇ ਅਦਾਨ-ਪ੍ਰਦਾਨ ਦਾ ਇੱਕ ਉੱਤਮ ਨਮੂਨਾ ਹੈ। ਹਲਦਾਤ ਦੀ ਰਸਮ ਦੇ ਅੰਤਿਮ ਪੜਾਅ ਵਿੱਚ ਕੁਝ ਵਿਸ਼ੇਸ਼ ਵਸਤੂਆਂ ਦੇ ਪ੍ਰਤੀਕਾਤਮਿਕ ਸੰਸਕਾਰ ਕੀਤੇ ਜਾਂਦੇ ਹਨ ਜੋ ਸਮਾਜਿਕ ਖੁਸ਼ਹਾਲੀ ਅਤੇ ਸ਼ੁੱਧਤਾ ਦੇ ਸੂਚਕ ਹਨ। ਰਸਮ ਦੇ ਤੀਜੇ ਪੜਾਅ ਵਿੱਚ ਸਵਾ ਕਿੱਲੋ ਲੂਣ ਨੂੰ ਉੱਖਲੀ ਵਿੱਚ ਪਾਇਆ ਜਾਂਦਾ ਹੈ। ਸੱਤ ਸੁਹਾਗਣਾਂ ਦੁਆਰਾ ਮੂਸਲਾਂ ਨੂੰ ਆਪਸ ਵਿੱਚ ਟਕਰਾਏ ਬਿਨਾਂ ਸੱਤ ਵਾਰ ਪ੍ਰਤੀਕਾਤਮਿਕ ਤੌਰ 'ਤੇ ਕੁੱਟਿਆ ਜਾਂਦਾ ਹੈ। ਇਸ ਉਪਰੰਤ ਲੂਣ ਨੂੰ ਉੱਖਲੀ ਵਿੱਚੋਂ ਕੱਢ ਕੇ ਮਿੱਟੀ ਦੇ 'ਦੋਹਣੇ' (ਇੱਕ

ਪ੍ਰਕਾਰ ਦਾ ਮਿੱਟੀ ਦਾ ਪਾਤਰ) ਵਿੱਚ ਪਾ ਦਿੱਤਾ ਜਾਂਦਾ ਹੈ। ਚੌਥੀ ਵਾਰ ਉੱਖਲੀ ਵਿੱਚ ਸਵਾ ਕਿੱਲੋ ਹਲਦੀ ਦੀਆਂ ਗੰਢਾਂ ਪਾਈਆਂ ਜਾਂਦੀਆਂ ਹਨ। ਇਸ ਕਾਰਜ ਨੂੰ ਸੁਹਾਗਣਾਂ ਦੇ ਜੋੜਿਆਂ (ਦੋ-ਦੋ ਔਰਤਾਂ) ਦੁਆਰਾ ਸੰਪੰਨ ਕੀਤਾ ਜਾਂਦਾ ਹੈ ਜੋ ਆਪਣੇ ਖੱਬੇ ਹੱਥ ਦੀ ਮਦਦ ਨਾਲ ਸੱਤ-ਸੱਤ ਮੁੱਠੀਆਂ ਭਰ ਕੇ ਹਲਦੀ ਨੂੰ ਦੋਹਣੇ ਵਿੱਚ ਪਾਉਂਦੀਆਂ ਹਨ। ਅੰਤ ਵਿੱਚ ਦੋਹਣੇ ਨੂੰ ਮਿੱਟੀ ਦੀ 'ਠੂਠੀ' ਨਾਲ ਢੱਕ ਦਿੱਤਾ ਜਾਂਦਾ ਹੈ। ਰਸਮ ਦੀ ਸੰਪੂਰਨਤਾ ਤੋ ਬਾਅਦ ਇੱਕ ਨਿਸ਼ਚਿਤ ਸਥਾਨ ਨੂੰ ਗੋਹੇ ਜਾਂ ਮਿੱਟੀ ਨਾਲ ਲਿੱਪ ਕੇ ਸ਼ੁੱਧ ਕੀਤਾ ਜਾਂਦਾ ਹੈ। ਉਸ ਉੱਪਰ ਥੋੜ੍ਹੀ ਜਿਹੀ ਕਣਕ ਵਿਛਾ ਕੇ ਉੱਖਲੀ ਦੀ ਸਥਾਪਨਾ ਕੀਤੀ ਜਾਂਦੀ ਹੈ। ਉੱਖਲੀ ਦੇ ਉੱਪਰ ਚੌਲਾਂ ਵਾਲੀ ਚਾਟੀ, ਉਸ ਦੇ ਉੱਪਰ ਦਾਲ ਵਾਲੀ ਛਰਬੀ ਅਤੇ ਸਭ ਤੋ ਉੱਪਰ ਲੂਣ ਤੇ ਹਲਦੀ ਵਾਲਾ ਦੋਹਣਾ ਰੱਖਿਆ ਜਾਂਦਾ ਹੈ। ਇਹ ਲੜੀਵਾਰ ਸਥਾਪਨਾ ਸੰਪੂਰਨਤਾ ਦਾ ਪ੍ਰਤੀਕ ਹੈ। ਅੰਤ ਵਿੱਚ ਦੋਵੇਂ ਮੂਸਲਾਂ ਨੂੰ ਉੱਖਲੀ ਦੇ ਸੱਜੇ ਅਤੇ ਖੱਬੇ ਪਾਸੇ ਬਿਨਾਂ ਕਿਸੇ ਟਕਰਾਅ ਦੇ ਸਿੱਧਾ ਖੜ੍ਹਾ ਕਰ ਦਿੱਤਾ ਜਾਂਦਾ ਹੈ।

ਬਿਆਹ ਲਿਖਣ' ਤੋ ਸ਼ੁਰੂ ਹੋ ਕੇ 'ਹਲਦਾਤ' ਵਰਗੀਆਂ ਬਾਰੀਕ ਰਸਮਾਂ ਤੱਕ ਹਰ ਰਸਮ ਵਿੱਚ ਮਿੱਟੀ ਦੇ ਪਾਤਰਾਂ (ਚਾਟੀ, ਛਰਬੀ, ਦੋਹਣਾ), ਅੰਨ (ਕਣਕ, ਚੌਲ, ਦਾਲ) ਅਤੇ ਸਮੂਹਿਕ ਸਹਿਭਾਗਤਾ (ਸੁਹਾਗਣਾਂ, ਪੁਰੋਹਿਤ, ਨਾਈ) ਦੀ ਵਰਤੋ ਸਮਾਜਿਕ ਏਕਤਾ ਅਤੇ ਕੁਦਰਤ ਨਾਲ ਸਾਂਝ ਨੂੰ ਦਰਸਾਉਂਦੀ ਹੈ।

7. ਬਿੰਦੋਰਾ/ਬਿੰਦੋਰੀ:-

ਇਹ ਬਾਗੜੀ ਵਿਆਹ ਸੰਸਕਾਰਾਂ ਦੀ ਇੱਕ ਪ੍ਰਮੁੱਖ ਪੂਰਵ-ਵਿਆਹ ਰਸਮ ਹੈ। ਇਸ ਰਸਮ ਵਿੱਚ ਵਿਆਹ ਤੋ ਕੁਝ ਦਿਨ ਪਹਿਲਾਂ ਰਿਸ਼ਤੇਦਾਰਾਂ ਅਤੇ ਨਜ਼ਦੀਕੀ ਸਾਕ-ਸੰਬੰਧੀਆਂ ਦੁਆਰਾ ਵਰ (ਮੁੰਡੇ) ਅਤੇ ਕੰਨਿਆ (ਕੁੜੀ) ਨੂੰ ਵੱਖ-ਵੱਖ ਭੋਜਨ (ਦਾਵਤਾਂ) ਲਈ ਸੱਦਾ ਦਿੱਤਾ ਜਾਂਦਾ ਹੈ। ਇਹ ਉਤਸ਼ਾਹ ਅਤੇ ਖ਼ੁਸ਼ੀ ਦਾ ਪ੍ਰਤੀਕ ਹੈ, ਜਿੱਥੇ ਰਵਾਇਤੀ ਲੋਕ-ਗੀਤਾਂ, ਨ੍ਰਿਤ ਅਤੇ ਸ਼ੋਭਾ-ਯਾਤਰਾ ਦੇ ਨਾਲ-ਨਾਲ ਗਣੇਸ਼ ਵੰਦਨਾ ਜਾਂ ਸਥਾਨਕ ਦੇਵੀ-ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਹੈ।

ਇਸ ਰਸਮ ਦਾ ਮੁੱਖ ਉਦੇਸ਼ ਵਿਆਹ ਤੋ ਪਹਿਲਾਂ ਰਿਸ਼ਤੇਦਾਰਾਂ ਵੱਲੋਂ ਵਰ ਅਤੇ ਕੰਨਿਆ ਨੂੰ ਸਨਮਾਨ ਦੇਣਾ ਅਤੇ ਉਨ੍ਹਾਂ ਦੇ ਸੁਖਦ ਭਵਿੱਖ ਲਈ ਸ਼ੁੱਭਕਾਮਨਾਵਾਂ ਭੇਟ ਕਰਨਾ ਹੈ। ਇਸ ਪ੍ਰਕਿਰਿਆ ਦੌਰਾਨ ਕੰਨਿਆ ਨੂੰ ਬਾਜੋਟ (ਚੌਂਕੀ) 'ਤੇ ਬਿਠਾਇਆ ਜਾਂਦਾ ਹੈ। ਉਸ ਨੂੰ ਵਿਸ਼ੇਸ਼ 'ਗੋਟੀ-ਮੋਟਾ' ਵਾਲੀ ਲਾਲ ਓਢਨੀ (ਚੁੰਨੀ) ਪਹਿਨਾਈ ਜਾਂਦੀ ਹੈ, ਤਿਲਕ ਲਗਾਇਆ ਜਾਂਦਾ ਹੈ ਅਤੇ ਤੋਹਫ਼ੇ ਵਜੋਂ ਸੁੱਕੇ ਮੇਵੇ, ਸ਼੍ਰੀਫਲ (ਨਾਰੀਅਲ) ਅਤੇ ਹੋਰ ਉਪਹਾਰ ਦਿੱਤੇ ਜਾਂਦੇ ਹਨ। ਇਹ ਰਸਮ ਪਰਿਵਾਰਕ ਏਕਤਾ ਨੂੰ ਮਜ਼ਬੂਤ ਕਰਦੀ ਹੈ। ਬਾਗੜੀ ਸੱਭਿਆਚਾਰ ਵਿੱਚ ਰਵਾਇਤੀ ਪਹਿਰਾਵੇ ਅਤੇ ਲੋਕ-ਗੀਤਾਂ ਰਾਹੀਂ ਇਸ ਦਾ ਵਿਸ਼ੇਸ਼ ਮਹੱਤਵ ਉਜਾਗਰ ਹੁੰਦਾ ਹੈ। ਕਈ ਵਾਰ 'ਗਣਗੌਰ' ਦੇ ਤਿਉਹਾਰ ਦੌਰਾਨ ਵੀ ਔਰਤਾਂ ਦੁਆਰਾ ਇਹ ਰਸਮ ਈਸ਼ਰ-ਗੌਰਾ (ਸ਼ਿਵ-ਪਾਰਵਤੀ) ਦੀ ਪੂਜਾ ਦੇ ਰੂਪ ਵਿੱਚ ਨਿਭਾਈ ਜਾਂਦੀ ਹੈ।

ਬਿੰਦੋਰਾ ਦੀ ਰਸਮ ਪਰਿਵਾਰਕ ਸਨੇਹ, ਭਾਈਚਾਰਕ ਸਾਂਝ ਅਤੇ ਆਪਣੀਆਂ ਪ੍ਰਾਚੀਨ ਪਰੰਪਰਾਵਾਂ ਪ੍ਰਤੀ ਸਤਿਕਾਰ ਦਾ ਸੁਮੇਲ ਹੈ। ਇਹ ਸਮਾਜਿਕ ਰਿਸ਼ਤਿਆਂ ਨੂੰ ਨਵੀਂ ਗਤੀਸ਼ੀਲਤਾ ਪ੍ਰਦਾਨ ਕਰਦੀ ਹੈ।

8. ਪਿਤਰਾਂ ਨੂੰ ਧੋਕ ਮਾਰਨਾ (ਮੱਥਾ ਟੇਕਣਾ):-

'ਪਿਤਰਾਂ ਨੂੰ ਧੋਕ ਮਾਰਨ' ਦੀ ਰਸਮ ਬਾਗੜੀ ਖੇਤਰ ਦੇ ਵਿਆਹ ਸੰਸਕਾਰਾਂ ਵਿੱਚ ਅਧਿਆਤਮਿਕ ਅਤੇ ਪਰਿਵਾਰਕ ਨਿਰੰਤਰਤਾ ਦਾ ਪ੍ਰਤੀਕ ਹੈ। ਇਹ ਰਸਮ ਆਮ ਤੌਰ 'ਤੇ 'ਹਲਦਾਤ' ਵਾਲੇ ਦਿਨ ਸ਼ਾਮ ਦੇ ਸਮੇਂ ਸੰਪੰਨ ਕੀਤੀ ਜਾਂਦੀ ਹੈ, ਜਿਸ ਵਿੱਚ ਪੂਰਵਜਾਂ ਪ੍ਰਤੀ ਸ਼ਰਧਾ ਪ੍ਰਗਟਾਈ ਜਾਂਦੀ ਹੈ। ਇਸ ਰਸਮ ਲਈ ਬ੍ਰਾਹਮਣੀ (ਪੁਰੋਹਿਤ ਦੀ ਪਤਨੀ) ਦੁਆਰਾ ਵਿਸ਼ੇਸ਼ ਤੌਰ 'ਤੇ ਮਿੱਠੇ ਚੌਲ ਤਿਆਰ ਕੀਤੇ ਜਾਂਦੇ ਹਨ ਜੋ ਕਿ ਪਵਿੱਤਰ ਭੋਜਨ ਵਜੋਂ ਵਰਤੇ ਜਾਂਦੇ ਹਨ। ਉੱਖਲੀ ਦੇ ਨੇੜਲੀ ਕੰਧ ਨੂੰ ਗੋਹੇ ਜਾਂ ਮਿੱਟੀ ਨਾਲ ਲਿੱਪ ਕੇ ਸ਼ੁੱਧ ਕੀਤਾ ਜਾਂਦਾ ਹੈ। ਕੰਧ ਦੇ ਦੋਵਾਂ ਪਾਸਿਆਂ 'ਤੇ ਆਟੇ ਦੀ ਮਦਦ ਨਾਲ ਮਿੱਟੀ ਦੀਆਂ ਠੂਠੀਆਂ ਚਿਪਕਾਈਆਂ ਜਾਂਦੀਆਂ ਹਨ ਅਤੇ ਵਿਚਕਾਰ 'ਸਤਨਾਲਾ' ਲਟਕਾਇਆ ਜਾਂਦਾ ਹੈ। ਵਰ (ਮੁੰਡੇ) ਨੂੰ ਆਪਣਾ ਸੱਜਾ ਹੱਥ ਅਤੇ ਕੰਨਿਆ (ਕੁੜੀ) ਨੂੰ ਆਪਣਾ ਖੱਬਾ ਹੱਥ ਘਿਓ ਵਾਲੀ ਕੌਲੀ ਵਿੱਚ ਡੁੱਬੋ ਕੇ, ਕੰਧ ਉੱਪਰ ਪਿਤਰਾਂ ਦੇ ਨਾਮ 'ਤੇ ਸੱਤ-ਸੱਤ ਥਾਪੇ (ਨਿਸ਼ਾਨ) ਲਗਾਉਣ ਲਈ ਕਿਹਾ ਜਾਂਦਾ ਹੈ। ਇਸ ਉਪਰੰਤ, ਉੱਖਲੀ ਹੇਠ ਵਿਛਾਈ ਗਈ ਕਣਕ ਦੇ ਕੁਝ ਦਾਣੇ ਲੈ ਕੇ ਕੰਧ ਵੱਲ ਸੁੱਟੇ ਜਾਂਦੇ ਹਨ ਜਿਸ ਨੂੰ 'ਧੋਕ ਮਾਰਨਾ' ਕਿਹਾ ਜਾਂਦਾ ਹੈ।

ਮੁੰਡੇ ਅਤੇ ਕੁੜੀ ਤੋ ਬਾਅਦ ਇਹ ਰਸਮ ਸੱਤ ਸੁਹਾਗਣਾਂ ਦੁਆਰਾ ਵੀ ਨਿਭਾਈ ਜਾਂਦੀ ਹੈ ਜੋ ਇਸ ਕਾਰਜ ਦੀ ਸਮਾਜਿਕ ਅਤੇ ਸੱਭਿਆਚਾਰਕ ਪ੍ਰਵਾਨਗੀ ਨੂੰ ਦਰਸਾਉਂਦੀ ਹੈ। ਇਹ ਰਸਮ ਇਸ ਵਿਸ਼ਵਾਸ 'ਤੇ ਅਧਾਰਿਤ ਹੈ ਕਿ ਕਿਸੇ ਵੀ ਮੰਗਲ ਕਾਰਜ ਦੀ ਸਫਲਤਾ ਲਈ ਪੂਰਵਜਾਂ ਦੀ ਮੌਜੂਦਗੀ ਅਤੇ ਆਸ਼ੀਰਵਾਦ ਲਾਜ਼ਮੀ ਹੈ। ਇਹ ਪੀੜ੍ਹੀ ਦਰ ਪੀੜ੍ਹੀ ਚੱਲ ਰਹੀਆਂ ਪਰੰਪਰਾਵਾਂ ਅਤੇ ਪਰਿਵਾਰਕ ਜੜ੍ਹਾਂ ਨਾਲ ਜੁੜੇ ਰਹਿਣ ਦਾ ਇੱਕ ਮਨੋਵਿਗਿਆਨਕ ਸਾਧਨ ਵੀ ਹੈ। ਬਾਗੜੀ ਖੇਤਰ ਦੀਆਂ ਵਿਆਹ ਦੀਆਂ ਰਸਮਾਂ ਕੇਵਲ ਬਾਹਰੀ ਦਿਖਾਵਾ ਨਹੀਂ ਹਨ ਸਗੋਂ ਇਹ ਲੋਕ-ਧਾਰਾ, ਮਨੋਵਿਗਿਆਨ ਅਤੇ ਸਮਾਜਿਕ ਵਿਗਿਆਨ ਦਾ ਇੱਕ ਜਟਿਲ ਸੁਮੇਲ ਹਨ।

9. ਤੇਲ ਚੜ੍ਹਾਉਣਾ (ਬਾਣ ਬੈਠਣ ਦੀ ਰਸਮ):-

ਬਾਗੜੀ ਖੇਤਰ ਵਿੱਚ 'ਤੇਲ ਚੜ੍ਹਾਉਣ' ਦੀ ਰਸਮ ਵਿਆਹ ਦੇ ਅਤਿ ਮਹੱਤਵਪੂਰਨ ਪੜਾਵਾਂ ਵਿੱਚੋਂ ਇੱਕ ਹੈ। ਇਸ ਰਸਮ ਨੂੰ ਸਥਾਨਕ ਭਾਸ਼ਾ ਵਿੱਚ 'ਬੰਨ੍ਹ ਚੰਗਾਉਣ' ਵੀ ਕਿਹਾ ਜਾਂਦਾ ਹੈ। ਇਸ ਦੀ ਨਿਰਧਾਰਿਤ ਸੰਖਿਆ (ਦਿਨਾਂ ਦੀ ਗਿਣਤੀ) ਪੁਰੋਹਿਤ ਦੁਆਰਾ ਟੇਵੇ ਵਾਲੇ ਦਿਨ ਹੀ ਨਿਸ਼ਚਿਤ ਕਰ ਦਿੱਤੀ ਜਾਂਦੀ ਹੈ। ਬੰਨ੍ਹ ਦੀ ਪ੍ਰਕਿਰਿਆ ਆਰੰਭ ਕਰਨ ਤੋ ਪਹਿਲਾਂ ਵਰ ਅਤੇ ਕੰਨਿਆ ਨੂੰ 'ਬਾਹਰਲੀ ਮਾਤਾ' (ਸਥਾਨਕ ਦੇਵੀ) ਦੇ ਮੱਥਾ ਟਿਕਾਉਣ ਲਈ ਲਿਜਾਇਆ ਜਾਂਦਾ ਹੈ। ਇਸ ਮੌਕੇ ਮਾਤਾਵਾਂ ਆਪਣੇ ਨਾਲ ਸੱਤ ਪੂੜੀਆਂ ਜਾਂ ਪੂੜੇ, ਪਾਣੀ ਦੀ ਲੋਟੀ ਅਤੇ ਦੇਸੀ ਘਿਓ/ਸਰ੍ਹੋਂ ਦੇ ਤੇਲ ਦਾ ਦੀਵਾ ਲੈ ਕੇ ਜਾਂਦੀਆਂ ਹਨ ਜੋ ਕਿ ਬੁਰਾਈਆਂ ਤੋ ਰੱਖਿਆ ਅਤੇ ਸ਼ੁਭ ਸ਼ਗਨਾਂ ਦਾ ਪ੍ਰਤੀਕ ਹੈ।

ਚੌਂਕ ਪੂਰਨਾ: ਬੰਨ੍ਹ 'ਤੇ ਬਿਠਾਉਣ ਤੋ ਪਹਿਲਾਂ 'ਨੈਣ' (ਪਰਿਵਾਰਕ ਸਹਾਇਕ) ਦੁਆਰਾ ਜ਼ਮੀਨ 'ਤੇ ਚੌਂਕ ਪੂਰ ਕੇ ਉਸ ਉੱਪਰ ਪਟੜਾ (ਚੌਂਕੀ) ਰੱਖਿਆ ਜਾਂਦਾ ਹੈ। ਕੰਨਿਆ ਦੇ ਗਲ ਵਿੱਚ ਉਸ ਦੀ ਮਾਂ ਦੁਆਰਾ ਚਾਂਦੀ ਦਾ ਬਣਿਆ 'ਹਾਸ' (ਕੰਠਾ) ਪਾਇਆ ਜਾਂਦਾ ਹੈ। ਇਸ ਤੋ ਇਲਾਵਾ, ਨੈਣ ਦੁਆਰਾ ਕੰਨਿਆ ਦੀਆਂ ਬਾਂਹਾਂ ਵਿੱਚ ਸੱਤ ਹਰੇ ਰੰਗ ਦੀਆਂ ਕੱਚ ਦੀਆਂ ਚੂੜੀਆਂ ਪਹਿਨਾਈਆਂ ਜਾਂਦੀਆਂ ਹਨ (ਖੱਬੀ ਬਾਂਹ ਵਿੱਚ ਤਿੰਨ ਅਤੇ ਸੱਜੀ ਵਿੱਚ ਚਾਰ), ਜੋ ਸੁਹਾਗ ਅਤੇ ਖ਼ੁਸ਼ਹਾਲੀ ਦਾ ਪ੍ਰਤੀਕ ਹਨ। ਨੈਣ ਦੁਆਰਾ ਇੱਕ ਵਿਸ਼ੇਸ਼ 'ਰੱਖੜੀ' ਤਿਆਰ ਕੀਤੀ ਜਾਂਦੀ ਹੈ। ਇਸ ਵਿੱਚ

ਲਾਲ ਕੱਪੜੇ ਦੇ ਅੰਦਰ ਕਾਲਾ ਧਾਗਾ, ਕੌਡੀ, ਲੋਹੇ ਦਾ ਛੱਲਾ, ਸੁਪਾਰੀ ਅਤੇ ਹਿੰਗ ਜਿਹੀਆਂ ਵਸਤੂਆਂ ਬੰਨ੍ਹੀਆਂ ਜਾਂਦੀਆਂ ਹਨ। ਇਹ ਰੱਖੜੀ ਵਰ ਅਤੇ ਕੰਨਿਆ ਦੇ ਸੱਜੇ ਪੈਰ ਨਾਲ ਬੰਨ੍ਹੀ ਜਾਂਦੀ ਹੈ। ਇਹ ਰੱਖੜੀ ਵਿਆਹ ਸੰਪੰਨ ਹੋਣ ਤੱਕ (ਵਿਦਾਇਗੀ ਜਾਂ ਜਨੇਤ ਚੜ੍ਹਨ ਤੋ ਬਾਅਦ ਪਿੰਡ ਦੀ ਹੱਦ ਪਾਰ ਕਰਨ ਤੱਕ) ਬੰਨ੍ਹੀ ਰਹਿੰਦੀ ਹੈ। ਇਸ ਦਾ ਮੁੱਖ ਮੰਤਵ ਨਵ-ਵਿਆਹੇ ਜੋੜੇ ਨੂੰ ਨਜ਼ਰ ਅਤੇ ਬੁਰੀਆਂ ਸ਼ਕਤੀਆਂ ਤੋ ਬਚਾਉਣਾ ਹੁੰਦਾ ਹੈ। ਇਸ ਪੂਰੀ ਪ੍ਰਕਿਰਿਆ ਦੌਰਾਨ ਸ਼ਰੀਕੇ ਦੀਆਂ ਔਰਤਾਂ ਦੁਆਰਾ ਸਮੂਹਿਕ ਰੂਪ ਵਿੱਚ ਲੋਕ-ਗੀਤਾਂ ਦਾ ਗਾਇਣ ਕੀਤਾ ਜਾਂਦਾ ਹੈ, ਜੋ ਪਰਿਵਾਰਕ ਖ਼ੁਸ਼ੀ ਅਤੇ ਮਾਨਸਿਕ ਉਤਸ਼ਾਹ ਨੂੰ ਉਜਾਗਰ ਕਰਦੇ ਹਨ। ਇਹ ਰਸਮਾਂ ਵੱਖ-ਵੱਖ ਕਿੱਤਾਮੁਖੀ ਵਰਗਾਂ (ਪੰਡਤ, ਨਾਈ, ਨੈਣ, ਘੁਮਿਆਰ) ਅਤੇ ਸ਼ਰੀਕੇ ਦੀ ਸਮੂਹਿਕ ਭਾਗੀਦਾਰੀ ਰਾਹੀਂ ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤ ਕਰਦੀਆਂ ਹਨ।

10. ਹਲਦੀ-ਪੀਠੀ (ਵਟਣਾ):-

ਬਾਗੜੀ ਖੇਤਰ ਵਿੱਚ 'ਵਟਣਾ ਮਲਣ' ਦੀ ਰਸਮ ਵਿਆਹੁਤਾ ਜੀਵਨ ਦੇ ਆਗਾਜ਼ ਤੋ ਪਹਿਲਾਂ ਸਰੀਰਕ ਸ਼ੁੱਧਤਾ ਅਤੇ ਸੁੰਦਰਤਾ ਦਾ ਪ੍ਰਤੀਕ ਹੈ। ਇਸ ਰਸਮ ਲਈ ਵਰਤਿਆ ਜਾਣ ਵਾਲਾ ਵਟਣਾ (ਉਬਟਨ) ਮੁੰਡੇ ਜਾਂ ਕੁੜੀ ਦੀ ਮਾਂ ਵੱਲੋਂ ਸਵਾ ਕਿੱਲੋ ਜੌਂ ਪੀਸ ਕੇ ਤਿਆਰ ਕੀਤਾ ਜਾਂਦਾ ਹੈ। ਨੈਣ ਦੁਆਰਾ ਮਿੱਟੀ ਦੀ ਕੁੰਡੀ ਵਿੱਚ ਜੌਂ ਦਾ ਆਟਾ, ਹਲਦੀ ਅਤੇ ਸਰ੍ਹੋਂ ਦਾ ਤੇਲ ਪਾ ਕੇ ਇੱਕ ਗਾੜ੍ਹਾ ਲੇਪ ਤਿਆਰ ਕੀਤਾ ਜਾਂਦਾ ਹੈ। ਹਲਦੀ ਅਤੇ ਸਰ੍ਹੋਂ ਦਾ ਤੇਲ , ਸੱਭਿਆਚਾਰਕ ਤੌਰ 'ਤੇ ਸ਼ੁੱਭ ਅਤੇ ਐਂਟੀ-ਸੈਪਟਿਕ ਗੁਣਾਂ ਦੇ ਧਾਰਨੀ ਮੰਨੇ ਜਾਂਦੇ ਹਨ। ਅਕਾਦਮਿਕ ਅਤੇ , ਸੱਭਿਆਚਾਰਕ ਦ੍ਰਿਸ਼ਟੀ ਤੋ ਇਹ ਰਸਮ ਵਿਸ਼ੇਸ਼ ਤੌਰ 'ਤੇ ਭਰਜਾਈ ਦੁਆਰਾ ਨਿਭਾਈ ਜਾਂਦੀ ਹੈ। ਲੋਕ-ਧਾਰਾ ਅਨੁਸਾਰ, ਇਸ ਰਸਮ ਵਿੱਚ ਭਰਜਾਈ ਦੀ ਮੌਜੂਦਗੀ ਲਾਜ਼ਮੀ ਮੰਨੀ ਗਈ ਹੈ। ਜੇਕਰ ਕਿਸੇ ਕਾਰਨ ਭਰਜਾਈ ਮੌਜੂਦ ਨਾ ਹੋਵੇ ਤਾਂ ਹੀ ਮੁੰਡਾ ਜਾਂ ਕੁੜੀ ਆਪਣੇ ਆਪ ਇਹ ਰਸਮ ਨਿਭਾਉਂਦੇ ਹਨ।

ਇਸ ਪ੍ਰਕਿਰਿਆ ਤੋ ਬਾਅਦ ਨੈਣ ਦੁਆਰਾ ਇਸ਼ਨਾਨ ਲਈ ਪਾਣੀ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ਼ਨਾਨ ਉਪਰੰਤ ਮਾਂ ਜਾਂ ਭਰਜਾਈ ਦੁਆਰਾ ਵਰ/ਕੰਨਿਆ ਦਾ ਮੂੰਹ ਘਿਓ ਅਤੇ ਖੰਡ ਨਾਲ ਮਿੱਠਾ ਕਰਵਾਇਆ ਜਾਂਦਾ ਹੈ, ਜੋ ਕਿ ਨਵੇਂ ਜੀਵਨ ਵਿੱਚ ਮਿਠਾਸ ਅਤੇ ਸੰਪੰਨਤਾ ਦਾ ਪ੍ਰਤੀਕ ਹੈ।

11. ਮੰਡਪ ਗਾਡਨਾ:-

ਬਾਗੜੀ ਅਤੇ ਰਾਜਸਥਾਨੀ ਸੱਭਿਆਚਾਰ ਵਿੱਚ 'ਮੰਡਪ ਗਾਡਨਾ' (ਜਿਸ ਨੂੰ ਸਥਾਨਕ ਭਾਸ਼ਾ ਵਿੱਚ 'ਮੰਢਾ ਗਾਡਨਾ' ਵੀ ਕਿਹਾ ਜਾਂਦਾ ਹੈ) ਕੇਵਲ ਇੱਕ ਭੌਤਿਕ ਢਾਂਚੇ ਦਾ ਨਿਰਮਾਣ ਨਹੀਂ ਹੈ, ਸਗੋਂ ਇਹ ਵਿਆਹ ਦੇ ਰਸਮੀ ਅਤੇ ਅਧਿਆਤਮਿਕ ਆਗਾਜ਼ ਦਾ ਪ੍ਰਤੀਕਾਤਮਿਕ ਪੜਾਅ ਹੈ। ਇਹ ਰਸਮ ਵਿਆਹ ਤੋ ਕੁਝ ਦਿਨ ਪਹਿਲਾਂ (ਆਮ ਤੌਰ 'ਤੇ 3, 5 ਜਾਂ 7 ਦਿਨ ਪੂਰਵ) ਇੱਕ ਸ਼ੁਭ ਮਹੂਰਤ ਵਿੱਚ ਸੰਪੰਨ ਕੀਤੀ ਜਾਂਦੀ ਹੈ। ਅਕਸਰ ਇਸ ਨੂੰ 'ਬਾਣ' ਬੈਠਣ ਦੀ ਪ੍ਰਕਿਰਿਆ ਦੇ ਨਾਲ ਜਾਂ ਉਸ ਤੋ ਤੁਰੰਤ ਪਹਿਲਾਂ ਨੇਪਰੇ ਚਾੜ੍ਹਿਆ ਜਾਂਦਾ ਹੈ। ਰਵਾਇਤੀ ਤੌਰ 'ਤੇ ਮੰਡਪ ਦੇ ਨਿਰਮਾਣ ਲਈ ਬਾਂਸ, ਲੱਕੜ ਜਾਂ ਖੇਜੜੀ ਦੀਆਂ ਟਹਿਣੀਆਂ ਦੀ ਵਰਤੋ ਕੀਤੀ ਜਾਂਦੀ ਹੈ। ਮੰਡਪ ਚਾਰ ਮੁੱਖ ਸਤੰਭਾਂ 'ਤੇ ਟਿਕਿਆ ਹੁੰਦਾ ਹੈ। ਇਹ ਸਤੰਭ ਵਰ ਅਤੇ ਕੰਨਿਆ ਦੇ ਮਾਤਾ-ਪਿਤਾ ਦੇ ਅਟੁੱਟ ਸਹਿਯੋਗ ਅਤੇ ਅਸ਼ੀਰਵਾਦ ਦੇ ਪ੍ਰਤੀਕ ਮੰਨੇ ਜਾਂਦੇ ਹਨ। ਇਸ ਨੂੰ ਅੰਬ ਦੇ ਪੱਤਿਆਂ (ਬੰਦਨਵਾਰ), ਗੇਂਦੇ ਦੇ ਫੁੱਲਾਂ, ਰੰਗੀਨ ਵਸਤਰਾਂ ਅਤੇ ਮਿੱਟੀ ਦੇ ਘੜਿਆਂ (ਚੇਰੀ) ਨਾਲ ਸਜਾਇਆ ਜਾਂਦਾ ਹੈ। ਸ਼ੁਧੀਕਰਨ ਅਤੇ ਗਣੇਸ਼ ਪੂਜਣ: ਮੰਡਪ ਦੀ ਸਥਾਪਨਾ ਤੋ ਪਹਿਲਾਂ ਸਬੰਧਿਤ ਸਥਾਨ ਦਾ ਸ਼ੁਧੀਕਰਨ ਕੀਤਾ ਜਾਂਦਾ ਹੈ ਅਤੇ ਨਿਰਵਿਘਨ ਕਾਰਜ ਲਈ ਗਣੇਸ਼ ਪੂਜਣ ਕੀਤਾ ਜਾਂਦਾ ਹੈ। ਜਿਸ ਸਥਾਨ 'ਤੇ ਸਤੰਭ ਗੱਡੇ ਜਾਣੇ ਹਨ, ਉੱਥੇ ਛੋਟੇ ਟੋਏ ਪੁੱਟ ਕੇ ਉਨ੍ਹਾਂ ਵਿੱਚ ਸਿੱਕਾ, ਸੁਪਾਰੀ ਅਤੇ ਹਲਦੀ ਪਾਈ ਜਾਂਦੀ ਹੈ। ਪਰਿਵਾਰ ਦੇ ਮੁੱਖ ਪੁਰਸ਼ ਮੈਂਬਰ (ਜਿਵੇਂ ਫੁੱਫੜ, ਜੀਜਾ ਜਾਂ ਚਾਚਾ) ਮਿਲ ਕੇ ਪਹਿਲਾ ਸਤੰਭ ਸਥਾਪਿਤ ਕਰਦੇ ਹਨ। ਮੰਡਪ ਉਸ ਨਵੇਂ ਗ੍ਰਹਿ (ਘਰ) ਦਾ ਪ੍ਰਤੀਕਾਤਮਿਕ ਸਰੂਪ ਹੈ, ਜਿਸ ਦੀ ਸਥਾਪਨਾ ਨਵ-ਵਿਆਹਿਆ ਜੋੜਾ ਕਰਨ ਜਾ ਰਿਹਾ ਹੁੰਦਾ ਹੈ। ਮੰਡਪ ਦੇ ਸਤੰਭ ਅਤੇ ਇਸ ਦੀ ਛੱਤ ਕੁਦਰਤ ਦੇ ਪੰਜ ਤੱਤਾਂ (ਪ੍ਰਿਥਵੀ, ਜਲ, ਅਗਨੀ, ਵਾਯੂ ਅਤੇ ਆਕਾਸ਼) ਦੀ ਪ੍ਰਤੀਨਿਧਤਾ ਕਰਦੇ ਹਨ। ਮੰਡਪ ਦੇ ਕੇਂਦਰ ਵਿੱਚ ਹੀ ਅਗਨੀ ਕੁੰਡ (ਵੇਦੀ) ਸਥਾਪਿਤ ਕੀਤੀ ਜਾਂਦੀ ਹੈ ਜਿੱਥੇ ਅਗਨੀ ਨੂੰ ਸਾਖੀ ਮੰਨ ਕੇ ਫੇਰੇ ਲਏ ਜਾਂਦੇ ਹਨ।

12. ਮਾਇਰਾ (ਭਾਤ ਭਰਨਾ):-

ਮੰਡਪ ਦੀ ਸਥਾਪਨਾ ਤੋ ਬਾਅਦ ਹੀ ਮਾਮੇ ਦੁਆਰਾ ਲਿਆਂਦੇ ਗਏ 'ਭਾਤ' ਦੀ ਰਸਮ ਦੀ ਅਹਿਮੀਅਤ ਵੱਧ ਜਾਂਦੀ ਹੈ ਕਿਉਂਕਿ ਮਾਮਾ ਆਪਣੇ ਉਪਹਾਰ ਮੰਡਪ ਦੇ ਹੇਠਾਂ ਹੀ ਅਰਪਿਤ ਕਰਦਾ ਹੈ। ਇਸ ਸੰਪੂਰਨ ਪ੍ਰਕਿਰਿਆ ਦੌਰਾਨ ਔਰਤਾਂ ਦੁਆਰਾ 'ਮੰਢਾ' ਅਤੇ 'ਵਿਨਾਇਕ' ਦੇ ਰਵਾਇਤੀ ਲੋਕ-ਗੀਤ ਗਾਏ ਜਾਂਦੇ ਹਨ।

13. ਮਹਿੰਦੀ ਲਗਾਉਣ ਦੀ ਰਸਮ:-

ਬਾਗੜੀ ਸੱਭਿਆਚਾਰ ਵਿੱਚ 'ਮਹਿੰਦੀ ਲਗਾਉਣ ਦੀ ਰਸਮ' ਕੇਵਲ ਸਰੀਰਕ ਸੁੰਦਰਤਾ ਦਾ ਸਾਧਨ ਨਹੀਂ ਹੈ, ਸਗੋਂ ਇਹ ਸੁਭਾਗ, ਮੰਗਲਮਈ ਭਵਿੱਖ ਅਤੇ , ਸੱਭਿਆਚਾਰਕ ਉਤਸ਼ਾਹ ਦਾ ਪ੍ਰਤੀਕ ਹੈ। ਵਿਆਹ ਸੰਸਕਾਰਾਂ ਵਿੱਚ ਮਹਿੰਦੀ ਦੀ ਰਸਮ ਆਮ ਤੌਰ 'ਤੇ ਵਿਆਹ ਤੋ ਇੱਕ ਰਾਤ ਪਹਿਲਾਂ ਆਯੋਜਿਤ ਕੀਤੀ ਜਾਂਦੀ ਹੈ। ਰਸਮ ਦੀ ਸ਼ੁਰੂਆਤ ਧਾਰਮਿਕ ਆਸਥਾ ਨਾਲ ਹੁੰਦੀ ਹੈ। ਮਹਿੰਦੀ ਦਾ ਪਹਿਲਾ ਤਿਲਕ (ਟੀਕਾ) ਇਸ਼ਟ ਦੇਵਤਿਆਂ ਅਤੇ ਗਣੇਸ਼ ਜੀ ਨੂੰ ਲਗਾਇਆ ਜਾਂਦਾ ਹੈ। ਇਸ ਉਪਰੰਤ, ਪਰਿਵਾਰ ਦੀ ਸਭ ਤੋ ਬਜ਼ੁਰਗ ਸੁਹਾਗਣ ਮਹਿਲਾ ਦੁਆਰਾ ਕੰਨਿਆ ਦੀ ਹਥੇਲੀ 'ਤੇ ਪਹਿਲਾ ਤਿਲਕ ਲਗਾਇਆ ਜਾਂਦਾ ਹੈ, ਜੋ ਕਿ ਕਾਰਜ ਦੀ ਨਿਰਵਿਘਨ ਸੰਪੂਰਨਤਾ ਅਤੇ 'ਸ਼ਗਨ' ਦਾ ਸੂਚਕ ਹੈ। ਕੰਨਿਆ ਦੀ ਮਹਿੰਦੀ ਦੇ ਗੁੰਝਲਦਾਰ ਡਿਜ਼ਾਈਨ ਵਿੱਚ ਵਰ (ਮੁੰਡੇ) ਦਾ ਨਾਮ ਸੰਕੇਤਕ ਰੂਪ ਵਿੱਚ ਛੁਪਾ ਕੇ ਲਿਖਿਆ ਜਾਂਦਾ ਹੈ। ਵਿਆਹ ਉਪਰੰਤ 'ਕੰਗਣਾ ਖੁਲ੍ਹਾਈ' ਦੀ ਰਸਮ ਦੌਰਾਨ ਵਰ ਦੁਆਰਾ ਆਪਣਾ ਨਾਮ ਲੱਭਣ ਦੀ ਪ੍ਰਕਿਰਿਆ ਇੱਕ ਮਨੋਰੰਜਕ ਸਮਾਜਿਕ ਖੇਡ ਵਜੋਂ ਕਾਰਜ ਕਰਦੀ ਹੈ ਜੋ ਨਵ-ਵਿਆਹੇ ਜੋੜੇ ਵਿਚਕਾਰ ਮਾਨਸਿਕ ਸਾਂਝ ਵਧਾਉਣ ਦਾ ਸਾਧਨ ਬਣਦੀ ਹੈ। ਮਹਿੰਦੀ ਦੀ ਸੰਪੂਰਨ ਪ੍ਰਕਿਰਿਆ ਦੌਰਾਨ ਇਸਤਰੀਆਂ ਦੁਆਰਾ ਰਾਤ ਭਰ 'ਰਾਤੀ ਜੋਗਾ' ਕੀਤਾ ਜਾਂਦਾ ਹੈ। ਢੋਲਕ ਦੀ ਥਾਪ 'ਤੇ ਰਵਾਇਤੀ ਬਾਗੜੀ ਲੋਕ-ਗੀਤ (ਜਿਵੇਂ: 'ਮਹਿੰਦੀ ਰਾ ਰਾਚਣ ਲਾਗੀ') ਗਾਏ ਜਾਂਦੇ ਹਨ। ਇਹ ਗੀਤ, ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਅਤੇ ਸਮਾਜਿਕ ਮਾਹੌਲ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਰਸਮ ਪਰਿਵਾਰਕ ਸਬੰਧਾਂ ਦੀ ਮਜ਼ਬੂਤੀ ਨੂੰ ਵੀ ਦਰਸਾਉਂਦੀ ਹੈ। ਮਹਿੰਦੀ ਲਗਾਉਣ ਵਾਲੀਆਂ ਭੈਣਾਂ ਜਾਂ ਭਰਜਾਈਆਂ ਨੂੰ ਪਰਿਵਾਰ ਦੇ ਬਜ਼ੁਰਗਾਂ ਵੱਲੋਂ 'ਨੇਗ' (ਨਕਦ ਰਾਸ਼ੀ ਜਾਂ ਉਪਹਾਰ)

ਦਿੱਤਾ ਜਾਂਦਾ ਹੈ ਜੋ ਕਿ ਉਨ੍ਹਾਂ ਦੀ ਸੇਵਾ ਅਤੇ ਸਨੇਹ ਦਾ ਰਸਮੀ ਸਨਮਾਨ ਹੈ।

ਸਮਾਜਿਕ ਮਾਨਤਾ ਅਨੁਸਾਰ ਮਹਿੰਦੀ ਦਾ ਰੰਗ ਜਿੰਨਾ ਗੂੜ੍ਹਾ ਹੁੰਦਾ ਹੈ, ਉਸ ਨੂੰ ਸਹੁਰੇ ਪਰਿਵਾਰ ਵਿੱਚ ਮਿਲਣ ਵਾਲੇ ਪ੍ਰੇਮ ਅਤੇ ਸਤਿਕਾਰ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਇਹ ਮਾਨਤਾ ਨਵ-ਵਿਆਹੁਤਾ ਦੇ ਮਨ ਵਿੱਚ ਆਉਣ ਵਾਲੇ ਨਵੇਂ ਜੀਵਨ ਪ੍ਰਤੀ ਹਾਂ-ਪੱਖੀ ਉਮੀਦਾਂ ਪੈਦਾ ਕਰਦੀ ਹੈ।

14. ਨਹਾਈ ਧੋਈ ਦੀ ਰਸਮ:-

ਬਾਗੜੀ ਵਿਆਹ ਦੀਆਂ ਵਿਭਿੰਨ ਰਸਮਾਂ ਵਿੱਚੋਂ 'ਨਹਾਈ ਧੋਈ' ਇੱਕ ਅਹਿਮ ਰਸਮ ਹੈ ਜੋ ਮੁੰਡੇ ਅਤੇ ਕੁੜੀ ਦੋਵਾਂ ਦੇ ਘਰਾਂ ਵਿੱਚ 'ਮਾਂਵੇ' ਵਾਲੇ ਦਿਨ 'ਬੰਨ੍ਹ ਉਤਾਰਨ' ਦੀ ਪ੍ਰਕਿਰਿਆ ਤੋ ਬਾਅਦ ਸੰਪੰਨ ਕੀਤੀ ਜਾਂਦੀ ਹੈ। ਇਸ ਦਿਨ ਵਿਆਂਹਦੜ ਮੁੰਡਾ ਜਾਂ ਕੁੜੀ ਆਪਣੇ ਪੁਰਾਣੇ (ਬੰਨ੍ਹ ਵਾਲੇ) ਕੱਪੜੇ ਤਿਆਗ ਕੇ ਆਪਣੇ ਨਾਨਕਿਆਂ ਵੱਲੋਂ ਲਿਆਂਦੇ ਗਏ ਨਵੇਂ ਬਸਤਰ ਧਾਰਨ ਕਰਦੇ ਹਨ। ਪੁਰਾਣੇ ਕੱਪੜੇ ਰੀਤ ਅਨੁਸਾਰ ਪਰਿਵਾਰਕ 'ਨੈਣ' ਨੂੰ ਭੇਂਟ ਕੀਤੇ ਜਾਂਦੇ ਹਨ। ਇਸ ਰਸਮ ਵਿੱਚ ਮਾਮੇ ਦੀ ਸ਼ਮੂਲੀਅਤ ਲਾਜ਼ਮੀ ਮੰਨੀ ਜਾਂਦੀ ਹੈ। ਰਸਮ ਦੇ ਦੌਰਾਨ ਇਸਤਰੀਆਂ ਵੱਲੋਂ ਮਾਮੇ ਨੂੰ ਸੰਬੋਧਿਤ ਲੋਕ-ਗੀਤ ਗਾਏ ਜਾਂਦੇ ਹਨ ਜੋ ਮਾਹੌਲ ਨੂੰ ਉਤਸ਼ਾਹਜਨਕ ਬਣਾਉਂਦੇ ਹਨ। ਇਸ਼ਨਾਨ ਅਤੇ ਸ਼ਿੰਗਾਰ ਤੋ ਬਾਅਦ, ਮਾਮਾ ਵਿਆਂਹਦੜ ਨੂੰ ਪਟੜੇ (ਚੌਂਕੀ) ਤੋ ਹੇਠਾਂ ਉਤਾਰਦਾ ਹੈ। ਇਸ ਸਮੇਂ ਪਟੜੇ ਦੇ ਹੇਠਾਂ ਮਿੱਟੀ ਦੇ ਚਾਰ ਦੀਵੇ ਜਾਂ ਠੂਠੀਆਂ ਰੱਖੀਆਂ ਹੁੰਦੀਆਂ ਹਨ, ਜਿਨ੍ਹਾਂ ਵਿੱਚ ਦੁਬ (ਘਾਹ), ਦਹੀਂ, ਸਿੱਕੇ, ਚੌਲ ਅਤੇ ਤੇਲ ਪਾਇਆ ਹੁੰਦਾ ਹੈ।ਮਾਮਾ ਵਿਆਂਹਦੜ ਦਾ ਮੂੰਹ ਮਿੱਠਾ ਕਰਵਾਉਂਦਾ ਹੈ ਅਤੇ ਪਟੜੇ ਤੋ ਉਤਾਰਨ ਸਮੇਂ ਉਹਨਾਂ ਠੂਠੀਆਂ ਨੂੰ ਪੈਰਾਂ ਹੇਠ ਦਬਾ ਕੇ ਤੋੜਨ ਦੀ ਰੀਤ ਨਿਭਾਈ ਜਾਂਦੀ ਹੈ। ਅੰਤ ਵਿੱਚ, ਮਾਮਾ ਆਪਣੇ ਭਾਣਜੇ/ਭਾਣਜੀ ਨੂੰ ਸ਼ਗਨ ਵਜੋਂ ਨਕਦ ਰਾਸ਼ੀ ਭੇਂਟ ਕਰਦਾ ਹੈ ਅਤੇ ਪਰਿਵਾਰ ਦੇ ਹੋਰ ਸਹਾਇਕਾਂ (ਲਾਗੀਆਂ) ਨੂੰ ਵੀ ਬਣਦਾ ਸ਼ਗਨ ਦਿੱਤਾ ਜਾਂਦਾ ਹੈ।

15. ਸੇਵਰਾ:-

ਬਾਗੜੀ ਖੇਤਰ ਵਿੱਚ ਵਿਆਹ ਨਾਲ ਸਬੰਧਿਤ ਰੀਤੀ-ਰਿਵਾਜ਼ਾਂ ਦਾ ਵਿਸ਼ੇਸ਼ ਮਹੱਤਵ ਹੈ। ਇਹਨਾਂ ਵਿੱਚੋਂ 'ਸੇਵਰਾ' ਇੱਕ ਪ੍ਰਮੁੱਖ ਰਸਮ ਹੈ, ਜੋ ਮੁੱਖ ਤੌਰ 'ਤੇ ਵਰ (ਦੂਲ੍ਹੇ) ਦੇ ਸ਼ਿੰਗਾਰ ਅਤੇ ਉਸ ਦੀ ਵਿਦਾਇਗੀ ਦੀ ਤਿਆਰੀ ਨਾਲ ਸਬੰਧ ਰੱਖਦੀ ਹੈ। ਇਹ ਰਸਮ ਬਾਰਾਤ ਦੀ ਰਵਾਨਗੀ ਤੋ ਪਹਿਲਾਂ ਸੰਪੰਨ ਕੀਤੀ ਜਾਂਦੀ ਹੈ। ਇਸ ਵਿੱਚ ਦੂਲ੍ਹੇ ਨੂੰ ਰਸਮੀ ਕੱਪੜਿਆਂ ਅਤੇ ਗਹਿਣਿਆਂ ਨਾਲ ਵਿਸ਼ੇਸ਼ ਤੌਰ 'ਤੇ ਸਜਾਇਆ ਜਾਂਦਾ ਹੈ। ਇਹ ਪ੍ਰਕਿਰਿਆ ਨਾ ਸਿਰਫ਼ ਸਰੀਰਕ ਸਜਾਵਟ ਹੈ ਸਗੋਂ ਇਹ ਮੁੰਡੇ ਦੇ ਜੀਵਨ ਵਿੱਚ ਆਉਣ ਵਾਲੇ ਨਵੇਂ ਪੜਾਅ ਦੇ ਸਤਿਕਾਰ ਦਾ ਪ੍ਰਤੀਕ ਵੀ ਹੈ। ਸੇਵਰਾ ਦੀ ਰਸਮ ਦੌਰਾਨ ਪਰਿਵਾਰਕ ਮੈਂਬਰਾਂ ਅਤੇ ਔਰਤਾਂ ਵੱਲੋਂ ਰਵਾਇਤੀ 'ਸੇਵਰਾ ਗੀਤ' ਗਾਏ ਜਾਂਦੇ ਹਨ। ਇਹ ਲੋਕ-ਗੀਤ ਬਾਗੜੀ ਅਤੇ ਰਾਜਸਥਾਨੀ ਲੋਕ-ਧਾਰਾ ਦਾ ਅਨਿੱਖੜਵਾਂ ਅੰਗ ਹਨ। ਇਹਨਾਂ ਗੀਤਾਂ ਰਾਹੀਂ ਦੂਲ੍ਹੇ ਦੀ ਸਿਫ਼ਤ, ਪਰਿਵਾਰਕ ਮਾਣ-ਮਰਿਆਦਾ ਅਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਜਾਂਦਾ ਹੈ ਜੋ ਸਮੁੱਚੇ ਵਾਤਾਵਰਣ ਨੂੰ ਉਤਸ਼ਾਹਜਨਕ ਬਣਾਉਂਦੇ ਹਨ। ਸੇਵਰਾ ਮਹਿਜ਼ ਇੱਕ ਨਿੱਜੀ ਸ਼ਿੰਗਾਰ ਦੀ ਰਸਮ ਨਹੀਂ ਸਗੋਂ ਇਹ ਖੇਤਰੀ ਲੋਕ-ਕਲਾ ਅਤੇ ਸੰਗੀਤਕ ਵਿਰਸੇ ਦੀ ਨੁਮਾਇੰਦਗੀ ਕਰਦੀ ਹੈ। ਇਹ ਰਸਮ ਸਥਾਨਕ ਭਾਈਚਾਰੇ ਦੀ ਸੱਭਿਆਚਾਰਕ ਪਛਾਣ ਨੂੰ ਮਜ਼ਬੂਤ ਕਰਦੀ ਹੈ ਅਤੇ ਪਰੰਪਰਾਗਤ ਕਦਰਾਂ-ਕੀਮਤਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਅੱਗੇ ਤੋਰਨ ਵਿੱਚ ਸਹਾਇਕ ਹੁੰਦੀ ਹੈ।

ਬਾਗੜੀ ਸਮਾਜ ਵਿੱਚ ਵਿਆਹ ਦੀਆਂ ਰਸਮਾਂ ਕੇਵਲ ਦੋ ਵਿਅਕਤੀਆਂ ਦਾ ਮੇਲ ਨਹੀਂ ਸਗੋਂ ਇਹ ਰਾਜਸਥਾਨੀ ਸੱਭਿਆਚਾਰ ਦੀ ਅਮੀਰ ਵਿਰਾਸਤ, ਪਰਿਵਾਰਕ ਸਾਂਝ ਅਤੇ ਨੈਤਿਕ ਕਦਰਾਂ-ਕੀਮਤਾਂ ਦਾ ਸੁਮੇਲ ਹਨ। ਇਹ ਰਸਮਾਂ ਜਿਵੇਂ ਕਿ ਮਾਇਰਾ, ਬਾਣ ਅਤੇ ਤੋਰਨਾ ਆਦਿ ਜਿੱਥੇ ਇੱਕ ਪਾਸੇ ਸਮਾਜਿਕ ਰਿਸ਼ਤਿਆਂ ਦੀ ਮਜ਼ਬੂਤੀ ਅਤੇ ਆਪਸੀ ਸਹਿਯੋਗ ਨੂੰ ਉਜਾਗਰ ਕਰਦੀਆਂ ਹਨ, ਉੱਥੇ ਹੀ ਦੂਜੇ ਪਾਸੇ ਇਹ ਮਨੁੱਖੀ ਜੀਵਨ ਵਿੱਚ ਅਨੁਸ਼ਾਸਨ ਅਤੇ ਪਰੰਪਰਾਵਾਂ ਦੇ ਮਹੱਤਵ ਨੂੰ ਸਥਾਪਿਤ ਕਰਦੀਆਂ ਹਨ। ਰਾਜਸਥਾਨ ਦੇ ਬਾਗੜੀ ਭਾਈਚਾਰੇ ਦੀਆਂ ਵਿਆਹ ਦੀਆਂ ਰਸਮਾਂ 'ਤੇ ਆਧੁਨਿਕੀਕਰਨ ਦਾ ਗਹਿਰਾ ਪ੍ਰਭਾਵ ਪਿਆ ਹੈ, ਜਿਸ ਕਾਰਨ ਪਰੰਪਰਾਗਤ ਰੀਤੀ-ਰਿਵਾਜਾਂ ਦੀ ਜਗ੍ਹਾ ਹੁਣ ਸ਼ਹਿਰੀ ਅਤੇ ਗਲੋਬਲ ਸੱਭਿਆਚਾਰਕ ਤੌਰ-ਤਰੀਕਿਆਂ (ਜਿਵੇਂ ਕਿ ਡੀ.ਜੇ., ਵਪਾਰਕ ਕੈਟਰਿੰਗ ਅਤੇ ਮਹਿੰਗੇ ਪਹਿਰਾਵੇ) ਨੇ ਲੈ ਲਈ ਹੈ। ਇਸ ਬਦਲਾਅ ਦੇ ਬਾਵਜੂਦ ਇਹ ਭਾਈਚਾਰਾ ਆਪਣੀ ਵਿਲੱਖਣ ਪਛਾਣ ਨੂੰ ਬਚਾਉਣ ਲਈ ਵਿਆਹ ਦੇ ਮੁੱਖ ਗੀਤਾਂ, ਸਥਾਨਕ ਦੇਵਤਿਆਂ ਦੀ ਪੂਜਾ ਅਤੇ ਰਿਸ਼ਤੇਦਾਰੀ ਦੇ ਪੁਰਾਣੇ ਨਿਯਮਾਂ ਨੂੰ ਅਜੇ ਵੀ ਸਖ਼ਤੀ ਨਾਲ ਕਾਇਮ ਰੱਖ ਰਿਹਾ ਹੈ। ਅਕਾਦਮਿਕ ਦ੍ਰਿਸ਼ਟੀਕੋਣ ਤੋਂ ਇਹ ਸਥਿਤੀ ਸੱਭਿਆਚਾਰਕ ਪਰਿਵਰਤਨ ਅਤੇ ਸੰਭਾਲ ਦੇ ਵਿਚਕਾਰ ਇੱਕ ਅਜਿਹਾ ਦਿਲਚਸਪ ਸੰਤੁਲਨ ਪੇਸ਼ ਕਰਦੀ ਹੈ, ਜਿੱਥੇ ਆਧੁਨਿਕਤਾ ਪਰੰਪਰਾ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਬਜਾਏ ਉਸਦੇ ਨਾਲ ਇੱਕ ਨਵਾਂ ਰੂਪ ਧਾਰਨ ਕਰ ਰਹੀ ਹੈ। ਇਸ ਤੋ ਇਹ ਸਪਸ਼ਟ ਹੁੰਦਾ ਹੈ ਕਿ ਬਾਗੜੀ ਖੇਤਰ ਦੀਆਂ ਇਹ ਰੀਤਾਂ ਸਦੀਆਂ ਪੁਰਾਣੇ ਇਤਿਹਾਸਿਕ ਪਿਛੋਕੜ ਨੂੰ ਅੱਜ ਵੀ ਆਪਣੇ ਅਸਲ ਰੂਪ ਵਿੱਚ ਸੰਭਾਲੀ ਬੈਠੀਆਂ ਹਨ। ਆਧੁਨਿਕਤਾ ਦੇ ਪ੍ਰਭਾਵ ਦੇ ਬਾਵਜੂਦ ਇਨ੍ਹਾਂ ਰਸਮਾਂ ਵਿੱਚ ਮੌਜੂਦ ਲੋਕ-ਗੀਤ ਅਤੇ ਰੀਤੀ-ਰਿਵਾਜ ਸਥਾਨਕ ਪਛਾਣ ਨੂੰ ਜਿਉਂਦੇ ਰੱਖਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਬਾਗੜੀ ਵਿਆਹ ਪ੍ਰਣਾਲੀ ਮਨੁੱਖੀ ਭਾਵਨਾਵਾਂ, ਧਾਰਮਿਕ ਆਸਥਾ ਅਤੇ ਸੱਭਿਆਚਾਰਕ ਮਾਣ ਦਾ ਇੱਕ ਅਟੁੱਟ ਦਸਤਾਵੇਜ਼ ਹੈ।

## *ਹਵਾਲੇ ਅਤੇ ਟਿੱਪਣੀਆ*

1. *ਡਾ. ਦਰਿਆ, ਪੰਜਾਬ ਦੇ ਸਾਂਸੀ ਕਬੀਲੇ ਦਾ ਸੱਭਿਆਚਾਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1997, ਪੰਨਾ: 13*
2. *ਪ੍ਰੋ. ਕਿਰਪਾਲ ਕਜ਼ਾਕ, ਪੰਜਾਬੀ ਸਭਿਆਚਾਰਿਕ ਸ਼ਬਦਾਵਲੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ,2019, ਪੰਨਾ: 207*
3. *ਡਾ. ਰਾਜਵੰਤ ਕੌਰ ਪੰਜਾਬੀ, ਵਿਆਹ ਦੇ ਲੋਕਗੀਤ: ਵਿਭਿੰਨ ਪਰਿਪੇਖ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2003,ਪੰਨਾ: 18*
4. *ਸ੍ਰੀਮਤੀ ਸੁਧਾ ਅਚਾਰਿਆ, ਆਪਣਾ ਗੀਤ ਭਾਗ-2, ਕਲਾਕਾਰ ਪ੍ਰਕਾਸ਼ਨ, ਬੀਕਾਨੇਰ, 2017, ਪੰਨਾ: 15*

5. ਡਾ. ਨਾਹਰ ਸਿੰਘ, ਲੋਕ-ਕਾਵਿ ਦੀ ਸਿਰਜਣ-ਪ੍ਰਕਿਰਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2023, ਪੰਨਾ: 24

6. ਸਵਿੱਤਰੀ ਬਾਈ, 84 ਸਾਲ, ਪਿੰਡ 8 ਕੇ ਬੀ, ਜ਼ਿਲ੍ਹਾ ਸ੍ਰੀਗੰਗਾਨਗਰ, ਨਿੱਜੀ ਮੁਲਾਕਾਤ, 28 ਜਨਵਰੀ, 2024

7. ਅਰੁਣਾ ਦੇਵੀ, 68 ਸਾਲ, ਸ਼ਹਿਰ ਅਨੂਪਗੜ੍ਹ, ਨਿੱਜੀ ਮੁਲਾਕਾਤ, 10 ਮਾਰਚ, 2024

## *Cite this Article-*

*ਗੁਰਪ੍ਰੀਤ ਸਿੰਘ (Gurpreet Singh), ਰਾਜਸਥਾਨ ਦੇ ਬਾਗੜੀ ਖਿੱਤੇ ਦੀਆਂ ਵਿਆਹ ਸੰਬੰਧਿਤ ਰਸਮਾਂ: ਸੱਭਿਆਚਾਰਕ ਪਰਿਪੇਖ (Rajasthan De Bagri Khite Diyan Viyah Sambandhit Rasman: Sabhyacharak Paripekh), ਅਰਮਾਨ (ARMAAN), ISSN: 2583-9446 (O), Volume- 4, Issue- 2, April-June 2026, Page: 65-71 .*

*Journal URL: www.armaan.org.in*

*DOI: https://doi.org/10.64119/armaan.vol.4.issue2.13*

*This article is an open access article published under the terms and conditions of the Creative Commons Attribution (CC BY-NC 4.0) license. https://creativecommons.org/licenses/by-nc/4.0/*